Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to $90,000 in government bonds & grants.
Contact :
647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

JOSHI LAW OFFICE
Barrister, Solicitor & Notary Public
- Immigration
- Real Estate
- Commercial Law
- Affidavit
- Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

To view our online newspaper visit punjabipost.ca/epaper | Vol 20* Issue 186 | Wednesday, September 22, 2021 | Tel: 905-793-2202 | Fax: 905-793-2282 | news@punjabipost.ca ਤੁਸੀਂ 'ਪੰਜਾਬੀ ਪੋਸਟ' Onlineਰੋਜ਼ਾਨਾ ਪੜ੍ਹ ਸਕਦੇ ਹੋ

# ਲਿਬਰਲ ਪਾਰਟੀ ਫਿਰ ਬਣਾਵੇਗੀ ਘੱਟ ਗਿਣਤੀ ਸਰਕਾਰ

## * ਇਸ ਵਾਰੀ ਪਹਿਲਾਂ ਨਾਲੋਂ ਘੱਟ ਪੰਜਾਬੀ ਮੂਲ ਦੇ ਉਮੀਦਵਾਰ ਚੋਣਾਂ ਵਿੱਚ ਹੋਏ ਕਾਮਯਾਬ

ਓਨਟਾਰੀਓ; 21 ਸਤੰਬਰ (ਪੋਸਟ ਬਿਊਰੋ) : 2021 ਦੀਆਂ ਫੈਡਰਲ ਚੋਣਾਂ, ਜੋ ਕਿ ਮਹਾਂਮਾਰੀ ਦੌਰਾਨ ਕਰਵਾਈਆਂ ਗਈਆਂ, ਵਿੱਚ ਇੱਕ ਵਾਰੀ ਜਿੱਤ ਮੁੜ ਲਿਬਰਲਾਂ ਦੀ ਹੋਈ ਹੈ ਪਰ ਇਸ ਵਾਰੀ ਵੀ ਉਹ ਬਹੁਗਿਣਤੀ ਸਰਕਾਰ ਬਣਾਉਣ ਦਾ ਆਪਣਾ ਸੁਪਨਾ ਸਾਕਾਰ ਨਹੀਂ ਕਰ ਪਾਏ। ਪਰ ਲਿਬਰਲਾਂ ਦੀ ਇਸ ਜਿੱਤ

### * ਦੋ ਨਵੇਂ ਚਿਹਰੇ ਸਾਹਮਣੇ ਆਏ ਜਾਰਜ ਚਾਹਲ ਤੇ ਇਕਵਿੰਦਰ ਗਹੀਰ


ਇਕਵਿੰਦਰ ਗਹੀਰ


ਜਾਰਜ ਚਾਹਲ

ਵਿੱਚ ਪਹਿਲਾਂ ਵੀ ਤੇ ਹੁਣ ਵੀ ਪੰਜਾਬੀਆਂ ਦਾ ਕਾਫੀ ਯੋਗਦਾਨ ਰਿਹਾ ਹੈ।

ਭਾਵੇਂ ਇਸ ਵਾਰੀ ਪਹਿਲਾਂ ਨਾਲੋਂ ਘੱਟ ਪੰਜਾਬੀ ਮੂਲ ਦੇ ਉਮੀਦਵਾਰਾਂ ਨੇ ਚੋਣਾਂ ਵਿੱਚ ਹਿੱਸਾ ਲਿਆ ਪਰ ਇੱਕ ਦੋ ਨੂੰ ਛੱਡ ਕੇ ਬਾਕੀ ਪੰਜਾਬੀਆਂ ਨੇ ਆਪਣੇ ਸਫਲਤਾ ਦੇ ਇਤਿਹਾਸ ਨੂੰ ਜ਼ਰੂਰ ਦੁਹਰਾਇਆ। ਇਸ ਵਾਰੀ ਗਗਨ ਸਿਕੰਦ, ਰਮੇਸ਼ ਸੰਘਾ ਤੇ ਨਵਦੀਪ ਬੈਂਸ ਨੇ ਫੈਡਰਲ ਚੋਣਾਂ ਵਿੱਚ ਹਿੱਸਾ ਹੀ ਨਹੀਂ ਲਿਆ। ਰਾਜ ਸੈਣੀ ਨੂੰ ਇਸ ਵਾਰੀ ਹਾਰ ਦਾ ਸਾਹਮਣਾ ਕਰਨਾ ਪਿਆ। ਇਥੇ ਦੱਸਣਾ ਬਣਦਾ ਹੈ ਕਿ ਮਗਰਲੇ ਹਫਤੇ ਵਿੱਚ ਉਸ ਨੂੰ ਪਾਰਟੀ ਵਿੱਚੋਂ ਵੀ ਕੱਢ ਦਿੱਤਾ ਗਿਆ ਸੀ। ਜੈਗ ਸਹੋਤਾ, ਜੋ ਕਿ ਲਿਬਰਲ ਹੈ, ਕੈਲਗਰੀ ਤੋਂ ਜਾਰਜ ਚਾਹਲ ਤੋਂ ਹਾਰ ਗਈ। ਬੌਬ ਸਰੋਆ ਦੋ ਵਾਰੀ ਐਮਪੀ ਰਹੀ ਪਰ ਇਸ ਵਾਰੀ ਆਪਣੇ ਨੇੜਲੇ ਵਿਰੋਧੀ ਤੋਂ ਹਾਰ ਗਈ।



ਪੰਜਾਬੀ ਮੂਲ ਦੇ ਸਾਰੇ ਮੰਨੇ ਪ੍ਰਮੰਨੇ ਚਿਹਰਿਆਂ ਨੂੰ ਇਸ ਵਾਰੀ ਵੀ 2021 ਦੀਆਂ ਫੈਡਰਲ ਚੋਣਾਂ ਵਿੱਚ ਸਫਲਤਾ ਹਾਸਲ ਹੋਈ ਹੈ। ਇਨ੍ਹਾਂ ਵਿੱਚ ਰੱਖਿਆ ਮੰਤਰੀ ਹਰਜੀਤ ਸੱਜਣ ਨੂੰ ਵੈਨਕੂਵਰ ਸਾਊਥ, ਮੰਤਰੀ ਬਰਦੀਸ਼ ਚੱਗੜ ਨੂੰ ਵਾਟਰਲੂ, ਮੰਤਰੀ ਅਨੀਤਾ ਆਨੰਦ ਨੂੰ ਓਕਵਿੱਲ ਤੇ ਐਨਡੀਪੀ ਦੇ ਜਗਮੀਤ ਸਿੰਘ ਨੂੰ ਬਰਨਾਬੀ ਸਾਊਥ ਤੋਂ ਜਿੱਤ ਹਾਸਲ ਹੋਈ। ਹੋਰ ਜੇਤੂ ਰਹਿਣ ਵਾਲੇ ਉੱਘੇ ਆਗੂਆਂ ਵਿੱਚ ਜਸਰਾਜ ਸਿੰਘ, ਜਾਰਜ ਚਾਹਲ, ਟਿੰਮ ਉੱਪਲ, ਸੁੱਖ ਧਾਲੀਵਾਲ ਤੇ ਰਣਦੀਪ ਸਿੰਘ ਸਰਾਇ ਹਨ।

ਇਨ੍ਹਾਂ ਵਿੱਚ ਬਹੁਤੀਆਂ ਸੀਟਾਂ ਓਨਟਾਰੀਓ ਵਿੱਚ ਹਨ, ਜੋ ਵੈਸੇ ਵੀ ਪੰਜਾਬੀਆਂ ਦਾ ਗੜ੍ਹ ਮੰਨਿਆ ਜਾਂਦਾ ਹੈ। ਬਰੈਂਪਟਨ ਵਿੱਚ ਪੰਜ ਵਿੱਚੋਂ ਚਾਰ ਸੀਟਾਂ ਪੰਜਾਬੀ ਮੂਲ ਦੇ ਐਮਪੀਜ਼ ਨੇ ਜਿੱਤੀਆਂ, ਬਰੈਂਪਟਨ ਨੌਰਥ ਤੋਂ ਰੂਬੀ ਸਹੋਤਾ, ਬਰੈਂਪਟਨ ਈਸਟ ਤੋਂ ਮਨਿੰਦਰ ਸਿੱਧੂ, ਬਰੈਂਪਟਨ ਸਾਊਥ ਤੋਂ ਸੋਨੀਆ ਸਿੱਧੂ ਤੇ ਬਰੈਂਪਟਨ ਵੈਸਟ ਤੋਂ ਕਮਲ ਖਹਿਰਾ। ਜਿੱਤਣ ਵਾਲਿਆਂ ਵਿੱਚ ਪੰਜ ਮਹਿਲਾਵਾਂ ਹਨ, ਇਨ੍ਹਾਂ ਵਿੱਚੋਂ ਅੰਜੂ ਢਿੱਲੋਂ, ਜੋ ਕਿ ਲਿਬਰਲ ਪਾਰਟੀ ਦੀ ਡਰੋਵਲ ਲੈਸੀਨ ਲਾ ਸਾਲੇ ਤੋਂ ਉਮੀਦਵਾਰ ਸੀ, ਨੇ ਕਿਊਬਿਕ ਪ੍ਰੋਵਿੰਸ ਦੀ ਇਹ ਸੀਟ ਦੂਹਰੀ ਵਾਰੀ ਜਿੱਤੀ ਹੈ। ਉਸ ਤੋਂ ਇਲਾਵਾ ਜਿਨ੍ਹਾਂ ਪੰਜਾਬੀ ਮਹਿਲਾਵਾਂ ਨੂੰ ਇਸ ਵਾਰੀ ਮੁੜ ਸਫਲਤਾ ਹਾਸਲ ਹੋਈ ਹੈ ਉਨ੍ਹਾਂ ਵਿੱਚ ਰੂਬੀ ਸਹੋਤਾ, ਸੋਨੀਆ ਸਿੱਧੂ, ਅਨੀਤਾ ਆਨੰਦ ਤੇ ਬਰਦੀਸ਼ ਚੱਗੜ ਦੇ ਨਾਂ ਸਲਾਹੁਣਯੋਗ ਹਨ।

*...ਪੂਰੀ ਜਾਣਕਾਰੀ ਪੰਨਾ 5'ਤੇ*

## ਗੱਡੀ ਵੱਲੋਂ ਟੱਕਰ ਮਾਰੇ ਜਾਣ ਕਾਰਨ ਮਹਿਲਾ ਦੀ ਹਾਲਤ ਨਾਜ਼ੁਕ

ਮਿਸੀਸਾਗਾ, 21 ਸਤੰਬਰ (ਪੋਸਟ ਬਿਊਰੋ) : ਮੰਗਲਵਾਰ ਨੂੰ ਮਿਸੀਸਾਗਾ ਵਿੱਚ ਇੱਕ ਗੱਡੀ ਵੱਲੋਂ ਟੱਕਰ ਮਾਰੇ ਜਾਣ ਤੋਂ ਬਾਅਦ ਇੱਕ ਮਹਿਲਾ ਬੁਰੀ ਤਰ੍ਹਾਂ ਜ਼ਖ਼ਮੀ ਹੋ ਗਈ। ਸਵੇਰੇ 10:30 ਵਜੇ ਹੁਰੌਨਤਾਰੀਓ ਸਟਰੀਟ ਤੇ ਐਗਲਿੰਟਨ ਐਵਨਿਊ ਨੇੜੇ ਪੀਲ ਰੀਜਨਲ ਪੁਲਿਸ ਨੂੰ ਸੱਦਿਆ ਗਿਆ। ਜਾਂਚਕਾਰਾਂ ਨੇ ਦੱਸਿਆ ਕਿ ਮਹਿਲਾ ਨੂੰ ਨਾਜ਼ੁਕ ਹਾਲਤ ਵਿੱਚ ਟਰੌਮਾ ਸੈਂਟਰ ਲਿਜਾਇਆ ਗਿਆ ਤੇ ਗੱਡੀ ਦਾ ਡਰਾਈਵਰ ਵੀ ਮੌਕੇ ਉੱਤੇ ਬਣਿਆ ਰਿਹਾ। ਮੇਜਰ ਕੋਲੀਜ਼ਨ ਬਿਊਰੋ ਨੂੰ ਇਸ ਦੀ ਜਾਣਕਾਰੀ ਮੁਹੱਈਆ ਕਰਵਾ ਦਿੱਤੀ ਗਈ ਹੈ। ਜਾਂਚ ਜਾਰੀ ਰਹਿਣ ਕਾਰਨ ਐਗਲਿੰਟਨ ਐਵਨਿਊ ਨੂੰ ਸਰੈਂਟੋਂਡਰਾਈਵ ਤੋਂ ਬੰਦ ਕਰ ਦਿੱਤਾ ਗਿਆ ਹੈ।

Best Insurance Rates
*Life *Auto *Home *Business
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Dir: 647-400-2949
Amanpreet S. Batth R.I.B.O
Axael Insurance Brokers Ltd.
1550 South Gateway Rd. Suite 220 Mississauga, ON L4W 5G6

NOW HIRING !!!
ALLKIND INSURANCE
- Life Insurance
- Critical illness Ins
- Travel & Visitor Ins
- RESP & TFSA & RRSP
- Super Visa Insurance
- Mortgage Insurance
- Disability Insurance
- Funeral Insurance
SIMRAN SAINI 416.994.7272
www.allkindinsurance.com

INSURANCE
- Home
- Business
- Life Insurance
- Auto
- Trucking
- Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
- Super visa Insurance
- Life & Disability
- Critical illness
- RESP
- Visitor & Travel insurance
(416-845-1352)
Manwinder Mangat
Axael InsuranceBrokers Ltd.
1332 Khalsa Dr, Unit # 11, Mississauga, ON L5S 0A2

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill Certified & Licenced Exterminator

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6 Brampton, ON, L6P 3W4
Aman Sharma
Open Saturday
Providing excellent quality legal services to our clients

KELLEY LAW OFFICE
- Immigration
- Family Law
- Corporate
- Real Estate
- Business Closing
- Wills & Estate
- Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੌਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley Barrister, Solicitor & Notary Public
905-362-0755

Royal Pest Control
Residential Commercial Industrial
Specialist in Bedbugs Service
All Pest Control :
- Mouse & Rats
- Cockroaches
- Spiders & Fleas
- Carpenter Ants
- Bedbugs
- Silver Fish
- Wasps
- Racoons
Call : PARESH PATEL
416 938 4598

Locations: Woodbridge, Mississauga, Scarborough
YES! Immigration
Yes we can...
Celebrating 16 Years
16 ਸਾਲਾਂ ਤੋਂ ਤੁਹਾਡੀ ਸੇਵਾ ਵਿਚ
ਇੰਮਿਗਰੇਸ਼ਨ ਸੇਵਾਵਾਂ 10-20% Discount
iccrc
Raj Narang
Ritu Narang
ਕੈਨੇਡਾ ਦੇ ਵੀਜ਼ਾ ਵਾਸਤੇ ਅੱਜ ਹੀ ਸੰਪਰਕ ਕਰੋ:
(416)740-6969
(647)616-1020

SUPER VISA INSURANCE EXPERTS
Punjab Insurance Inc
Super Visa Monthly plans available
7003 Steeles Ave. W, Unit 10 Etobicoke, ON, M9W 0A2
gill@punjabinsurance.ca
416-724-5000
RANJIT GILL Insurance Advisor
- Disability Insurance
- Mortgage Insurance
- Life Insurance
- Visitor Insurance
- Travel Insurance
- RESP(Education Plan)
- Critical Illness Insurance

HELPING YOU PLAN TODAY...FOR TOMORROW
- Supervisa / Visitor Insurance
- Life /Mortgage/Funeral Insurance
- Disability Insurance
- Critical Illness Insurance
- RESP /RRSP
www.ufsinsurance.com
JATINDERBIR S BAJWA Insurance Broker
Dir: 647-928-4990
# 25-831 Bovaird Dr. W. Brampton, ON L6X0T9 | www.ufsinsurance.com

Dubai Jewellers
Gift Prize with Every Purchase
- Repair at no extra cost
- Appraisal Certificate
- Buy, Sell, Trade
Tuesday to Sunday (12-8) (Monday Closed)
Dubai Jewellers
Raj & Gulshan
Mob: 416-465-1200
ਨਵੇਂ ਬਣੇ ਪਲਾਜ਼ਾ ਦੇ ਵਿਚ
2700 Northpark Drive Unit #19, Brampton Ontario L6S 0E9
North Park & Airport Major Intersection
www.dubaijewellers.ca
info@dubaijewellers.ca

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A-Z Pest Control
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
ਕਰਜ਼ੇ ਦੀ ਸਿਰਦਰਦੀ ?
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor


Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
AvonFinancial Inc.
Brokerage Lic. 12538
Cell: 416-841-4218 Tel: 905-216-5563
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

ਵਰਕਰਾਂ ਦੀ ਲੋੜ
ਘਾਹ ਕੱਟਣ ਲਈ ਅਤੇ ਕੰਸਟ੍ਰਕਸ਼ਨ ਦੇ ਫੁੱਲ ਟਾਈਮ ਕੰਮ ਲਈ ਜਨਰਲ ਲੇਬਰ ਦੀ ਲੋੜ ਹੈ। ਕੰਮ ਉਤੇ ਲੈ ਕੇ ਆਉਣ ਅਤੇ ਲਿਜਾਣ ਦੀ ਸੁਵਿਧਾ। ਬਿਨੈਕਾਰ ਸਰੀਰਕ ਤੌਰ ਉਤੇ ਫਿਟ ਅਤੇ 50 ਐਲ.ਬੀ.ਐਸ. ਵਜ਼ਨ ਚੁੱਕਣ ਦੇ ਯੋਗ ਹੋਣਾ ਚਾਹੀਦਾ ਹੈ।
ਸੰਪਰਕ ਅਮਿਤ: 647-784-1213

ਨਵਾਂ ਘਾਹ ਲਵਾਉ
647-784-1213
www.aaalandscaping.ca
1 ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
2 ਏਰੀਆ ਨੂੰ ਲੈਵਲ ਕਰਨਾ ਅਤੇ ਮਿੱਟੀ ਰਲਾਉਣੀ
3 ਨਵਾਂ ਘਾਹ ਲਵਾਉ
4 ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

MANN LAW FIRM
- Real Estate Law
- Wills & Estates
- Power of Attorney
- Affidavits Notarization / Declaration
- Business Law
- Family Law
- Civil Litigation
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca


NOW
HIRING
U.S. CROSS BORDER
SINGLES & TEAMS
AND CANADIAN TEAMS
US Singles $0.64/mile
US Teams $0.66/mile
Canadian teams $0.62/mile
LIGHT SPEED
Logistics Inc.
OUR FAMILY WELCOMES YOU
U.S. Singles – Dedicated Truck
Desirable Lanes to the U.S.
U.S. Teams – New Dedicated Truck
Canadian Teams – New Dedicated Truck
Comprehensive Company Benefits
Flexible Work Schedule
LIGHT SPEED HAS YOU COVERED
Steve Hunt O 905.696.0700 x7224 C 905.229.9011 E shunt@lslinc.com
6015 Kestrel Road, Mississauga, ONTARIO L5T 1S8
www.lslinc.com


NATION-WIDE TALK,
TEXT & DATA PLAN
4.5GB
$40/mo.
chatr
AUTHORIZED DEALER
379 Main St. North, Brampton | 905-451-0379
2456 Lake shore Blvd West, Etobicoke | 416-259-3654
Offer subject to change without notice. Get 4.5GB at 3G speed. Once you reach your 3G speed data allotment, your data speed will be reduced until your next anniversary date. Taxes extra. ™ Trademarks used under license ©2021

# ਟਰੂਡੋ ਦੀ ਜਿੱਤ ਤੋਂ ਬਾਅਦ ਕੈਨੇਡੀਅਨ ਡਾਲਰ ਵਿੱਚ ਆਇਆ ਉਛਾਲ

ਟੋਰਾਂਟੋ, 21 ਸਤੰਬਰ (ਪੋਸਟ ਬਿਊਰੋ) : ਅਮਰੀਕੀ ਡਾਲਰ ਦੇ ਮੁਕਾਬਲੇ ਮੰਗਲਵਾਰ ਨੂੰ ਕੈਨੇਡੀਅਨ ਡਾਲਰ ਦੀ ਸਥਿਤੀ ਏਸ਼ੀਅਨ ਟਰੇਡਿੰਗ ਵਿੱਚ ਮਜ਼ਬੂਤ ਰਹੀ। ਤੇਲ ਦੀਆਂ ਕੀਮਤਾਂ ਵੱਧ ਜਾਣ ਕਾਰਨ ਤੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੀ ਜਿੱਤ ਨਾਲ ਡਾਲਰ ਦੀ ਸਥਿਤੀ ਨੂੰ ਬਲ ਮਿਲਿਆ। ਲਿਬਰਲ ਪਾਰਟੀ ਨੇ ਇਨਵੈਸਟਰਜ਼ ਨੂੰ ਇਹ ਯਕੀਨ ਦਿਵਾਇਆ ਸੀ ਕਿ ਉਨ੍ਹਾਂ ਲਈ ਆਰਥਿਕ ਮਦਦ ਜਾਰੀ ਰਹੇਗੀ। ਕੈਂਬ੍ਰਿੱਜ ਗਲੋਬਲ ਪੇਅਮੈਂਟਸ ਦੇ ਚੀਫ ਮਾਰਕਿਟ ਸਟ੍ਰੈਟੇਜਿਸਟ ਨੇ ਆਖਿਆ ਕਿ ਲਿਬਰਲਾਂ ਦੀ ਜਿੱਤ ਨਾਲ ਯਥਾਸਥਿਤੀ ਬਣੇ ਰਹਿਣ ਦੀ ਸੰਭਾਵਨਾ ਹੈ। ਇਸ ਨਾਲ ਇਹ ਵੀ ਯਕੀਨੀ ਬਣਾਇਆ ਜਾ ਸਕੇਗਾ ਕਿ ਫਿਸਕਲ ਸਪੈਂਡਿੰਗ ਪਲੈਨਜ਼, ਜਿਹੜੇ ਲਿਬਰਲ ਸਰਕਾਰ ਦੇ ਪਿਛਲੇ ਕਾਰ-ਜਕਾਲ ਵਿੱਚ ਸ਼ੁਰੂ ਕੀਤੇ ਗਏ ਸਨ ਉਹ ਅੱਗੇ ਵੀ ਜਾਰੀ ਰਹਿਣਗੇ ਤੇ ਨਿਵੇਸ਼ਕਾਂ ਨੂੰ ਇਸ ਨਾਲ ਬਹੁਤ ਹਿੰਮਤ ਮਿਲੇਗੀ।

ਕੈਨੇਡੀਅਨ ਡਾਲਰ ਅਮਰੀਕੀ ਡਾਲਰ ਦੇ 78·22 ਸੈਂਟਸ ਦੇ ਮੁਕਾਬਲੇ 0·3 ਫੀ ਸਦੀ ਨਾਲ 1·2785 ਜ਼ਿਆਦਾ ਉੱਤੇ ਟਰੇਡ ਕਰ ਰਿਹਾ ਸੀ।

# ਪਾਰਲੀਆਮੈਂਟ ਵਿੱਚ ਸੰਤੁਲਨ ਬਰਕਰਾਰ ਰੱਖਣ ਦਾ ਜ਼ਿੰਮਾਂ ਮੁੜ ਐਨਡੀਪੀ ਉੱਤੇ !

ਟੋਰਾਂਟੋ, 21 ਸਤੰਬਰ (ਪੋਸਟ ਬਿਊਰੋ) : ਇੱਕ ਵਾਰੀ ਫਿਰ ਜਗਮੀਤ ਸਿੰਘ ਤੇ ਐਨਡੀਪੀ ਨੂੰ ਪਾਰਲੀਆਮੈਂਟ ਵਿੱਚ ਪਾਵਰ ਨੂੰ ਸੰਤੁਲਿਤ ਕਰਨ ਲਈ ਅਹਿਮ ਭੂਮਿਕਾ ਨਿਭਾਵੇਗੀ। ਲਿਬਰਲਾਂ ਦੀ ਘੱਟ ਗਿਣਤੀ ਸਰਕਾਰ ਹੋਣ ਕਾਰਨ ਅਹਿਮ ਮੁੱਦਿਆਂ ਨੂੰ ਪਾਸ ਕਰਨ ਲਈ ਐਨਡੀਪੀ ਉੱਤੇ ਹੀ ਟੇਕ ਰੱਖਣੀ ਪੈ ਸਕਦੀ ਹੈ।

ਜਗਮੀਤ ਸਿੰਘ ਬੀਸੀ ਦੇ ਹਲਕੇ ਬਰਨਾਬੀ ਸਾਊਥ ਤੋਂ ਜਿੱਤ ਗਏ ਹਨ। ਉਨ੍ਹਾਂ ਆਪਣਾ ਪੂਰਾ ਜ਼ੋਰ ਲਾਇਆ ਕਿ ਉਹ ਜਿੱਤ ਕੇ ਬਹੁਮਤ ਹਾਸਲ ਕਰ ਸਕਣ ਪਰ ਪਾਰਟੀ ਨੂੰ ਪਹਿਲਾਂ ਵਾਂਗ ਹੀ ਤੀਜਾ ਸਥਾਨ ਹਾਸਲ ਹੋਇਆ। 2019 ਵਿੱਚ ਪਾਰਟੀ ਨੂੰ ਜਿੰਨੀਆਂ ਵੋਟਾਂ ਹਾਸਲ ਹੋਈਆਂ ਸਨ ਉਸ ਨਾਲੋਂ ਇਸ ਵਾਰੀ ਜ਼ਿਆਦਾ ਵੋਟਾਂ ਹਾਸਲ ਹੋਣ ਦੀ ਉਮੀਦ ਸੀ ਪਰ ਹੋਇਆ ਇਸ ਤੋਂ ਬਿਲਕੁਲ ਉਲਟ ਤੇ ਪਾਰਟੀ ਪਹਿਲਾਂ ਤੋਂ ਹੀ ਹਾਸਲ 44 ਸੀਟਾਂ ਵਿੱਚੋਂ 20 ਸੀਟਾਂ ਹਾਰ ਗਈ। ਇੱਕ ਦਹਾਕੇ ਵਿੱਚ ਪਾਰਟੀ ਦਾ ਇਹ ਸੱਭ ਤੋਂ ਮਾੜਾ ਪ੍ਰਦਰਸ਼ਨ ਰਿਹਾ।




ਇਸ ਮਗਰੋਂ ਜਗਮੀਤ ਸਿੰਘ ਨੇ ਆਖਿਆ ਕਿ ਅਸੀਂ ਲੜਾਈ ਜਾਰੀ ਰੱਖਾਂਗੇ। ਇਸ ਵਾਰੀ ਐਨਡੀਪੀ ਨੇ ਜਿਹੜੇ ਉਮੀਦਵਾਰ ਖੜ੍ਹੇ ਕੀਤੇ ਸਨ ਉਨ੍ਹਾਂ ਵਿੱਚ 177 ਮਹਿਲਾਵਾਂ, ਜਿਨ੍ਹਾਂ ਵਿੱਚੋਂ 29 ਮੂਲਵਾਸੀ ਸਨ, 104 ਵੱਖ ਵੱਖ ਨਸਲਾਂ ਦੇ ਉਮੀਦਵਾਰ ਸਨ, 45 ਅਜਿਹੇ ਉਮੀਦਵਾਰ ਸਨ ਜਿਨ੍ਹਾਂ ਦੀ ਉਮਰ 26 ਸਾਲ ਤੋਂ ਘੱਟ ਸੀ, 39 ਅਪਾਹਜ ਸਨ ਤੇ 69 ਅਜਿਹੇ ਸਨ ਜਿਹੜੇ ਐਨਜੀਬੀਟੀਕਿਊ2ਐਸ + ਸਨ।


REXDALE BODY SHOP

USED CAR SALE





Specialization In:
- ★ All Kinds of Body Work
- ★ Auto Glass Windshield
- ★ Denting, Painting & Welding

SPECIAL PAINT JOB $779

RENTAL CAR PROVIDED

ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ

25 years of Canadian Experience

OPEN MON - SAT 9AM TO 7PM

CHEEMA

LOWEST PRICE IN TOWN

Call Rick or Manminder Cheema: 416.749.9596 /416.951.6431

Towing Service Car Paint Starts $799* upto 100% Deductible Paid*

30 Racine Rd. Toronto, ON, M9W 2Z3, FAX: 416.749.9597

www.AAABODYSHOP.ca
mcheemaaaa@hotmail.com



ਬੇਸਮੈਂਟਸ ਕਿਰਾਏ ਲਈ ਖਾਲੀ

ਗੋਰ ਰੋਡ ਅਤੇ ਕੰਟਰੀਸਾਈਡ ਦੇ ਏਰੀਏ ਵਿਚ ਇਕ ਬੇਸਮੈਂਟ ਦੋ ਬੈਡਰੂਮ ਦੀ ਅਤੇ ਇਕ ਬੇਸਮੈਂਟ ਇਕ ਬੈਡਰੂਮ ਦੀ ਕਰਾਏ ਲਈ ਖਾਲੀ ਹੈ। ਸੈਪਰੇਟ ਕਿਚਨ ਸੈਪਰੇਟ ਫੁਲ ਵਾਸਰੂਮ, ਸ਼ਿਅਰਡ ਲਾਂਡਰੀ। ਸਿਰਫ ਫੈਮਲੀ ਵਾਲੇ ਅਤੇ ਨੋਨ ਸਮੋਕਰ ਅਤੇ ਨੋ ਪੈਟਸ ਵਾਲੇ ਹੀ ਕਾਲ ਕਰਨ।
ਜ਼ਿਆਦਾ ਜਾਣਕਾਰੀ ਲਈ ਸੰਪਰਕ ਕਰੋ:

416-305-9864



# Great Invetsment Opportunity

## In The Region of Timminis,ON


8 ACRE OF lAND CAN BE SEVERD IN TWO LOTS OF 4 ACRE

## Apartment Building For Sale:

4 units 3 bedroom | 2 units 1 bedroom | 1 unit bachelor








For More Details Call: 416-970-5005/647-242-8667



Jas Toor
Sales Repersentative

Sutton

Sutton Group-Realty Experts
Brokerage*

Jagdish Grewal
Sales Repersentative

Century 21

President Realty Inc.
Brokerage*



## ਅੱਜ ਨਾਮਾ

ਕੀਤੀ ਕਿਸੇ ਸੀ ਕੱਲ੍ਹ ਕੁਝ ਚੋਟ ਤਕੜੀ,
ਚੰਨੀ ਮਿਲਿਆ ਹੈ ਰਾਜ ਨੂੰ ਮੁਖੀ ਬੇਲੀ।
ਸੱਜੇ-ਖੱਬੇ ਕਈ ਉਹਦੀ ਜੋ ਸਾਂਝ ਵਾਲੇ,
ਹੋ ਗਏ ਹੋਣਗੇ ਪਹਿਲਾਂ ਤੋਂ ਸੁਖੀ ਬੇਲੀ।
ਕੁਰਸੀ ਜਿਨ੍ਹਾਂ ਦੀ ਗਈ ਆ ਖੁੱਸ ਬੇਲੀ,
ਉਹ ਸਭ ਹੁੰਦੇ ਪਏ ਹੋਣਗੇ ਦੁਖੀ ਬੇਲੀ।
ਜਿਹੜੇ ਏਧਰ ਨਾ ਓਧਰ ਦੇ ਰਹੇ ਬੇਲੀ,
ਅੰਦਰੋਂ ਜਾਣਗੇ ਬੁਰੀ ਤਰ੍ਹਾਂ ਧੁਖੀ ਬੇਲੀ।
ਕਾਂਗਰਸ ਵੰਨੀਂ ਜੋ ਦੌੜਦੇ ਆਏ ਸੀ ਗੇ,
ਪਿਛਲੇ ਪਿੰਡ ਨੂੰ ਆਏ ਸਨ ਛੱਡ ਬੇਲੀ।
ਪਿੱਛੇ ਮੁੜਨ ਨਾ ਏਥੇ ਵੀ ਰਹਿਣਹੁੰਦਾ,
ਵਿੰਹਦੇ ਹੋਣੇ ਉਹ ਅੱਖਾਂ ਨੂੰ ਟੱਡ ਬੇਲੀ।

**ਤੀਸ ਮਾਰ ਖਾਂ**

# ਆਪਣੇ ਤੀਜੇ ਕਾਰਜਕਾਲ ਵਿੱਚ ਛੇ ਮੁੱਦਿਆਂ ਉੱਤੇ ਲਿਬਰਲ ਪਾਰਟੀ ਨੇ ਖਰਚਾ ਕਰਨ ਦਾ ਪ੍ਰਗਟਾਇਆ ਤਹੱਈਆ

ਟੋਰਾਂਟੋ, 21 ਸਤੰਬਰ (ਪੋਸਟ ਬਿਊਰੋ) : ਲਿਬਰਲ ਆਗੂ ਜਸਟਿਨ ਟਰੂਡੋ ਤੇ ਉਨ੍ਹਾਂ ਦੀ ਪਾਰਟੀ ਇੱਕ ਵਾਰੀ ਮੁੜ ਜਿੱਤ ਹਾਸਲ ਕਰਨ ਵਿੱਚ ਕਾਮਯਾਬ ਹੋ ਗਈ ਹੈ ਪਰ ਇੱਕ ਵਾਰੀ ਫਿਰ ਲਿਬਰਲਾਂ ਨੂੰ ਬਹੁਮਤ ਹਾਸਲ ਨਹੀਂ ਹੋ ਸਕਿਆ। ਕੋਵਿਡ-19 ਮਹਾਂਮਾਰੀ ਤੋਂ ਦੇਸ਼ ਨੂੰ ਬਾਹਰ ਕੱਢਣ ਲਈ ਲਿਬਰਲਾਂ ਨੇ ਕੁੱਝ ਨਵੇਂ ਪ੍ਰੋਗਰਾਮਾਂ ਉੱਤੇ ਕਈ ਬਿਲੀਅਨ ਡਾਲਰ ਖਰਚ ਕਰਨ ਦਾ ਵਾਅਦਾ ਕੀਤਾ ਹੈ।

ਲਿਬਰਲਾਂ ਨੇ ਜਿਸ ਪਲੇਟਫਾਰਮ ਉੱਤੇ ਜਿੱਤ ਹਾਸਲ ਕੀਤੀ ਉਸ ਵਿੱਚ ਛੇ ਮੁੱਖ ਮੁੱਦਿਆਂ ਦੇ ਸਬੰਧ ਵਿੱਚ ਵਾਅਦੇ ਕੀਤੇ ਗਏ, ਇਹ ਛੇ ਮੁੱਦੇ ਸਨ ਮਹਾਂਮਾਰੀ, ਕਲਾਈਮੇਟ ਚੇਂਜ, ਹਾਊਸਿੰਗ, ਹੈਲਥ ਕੇਅਰ, ਇਕੌਨਮੀ ਤੇ ਰੀਕੌਂਸੀਲੀਏਸ਼ਨ। ਲਿਬਰਲਾਂ ਦੀ ਤੀਜੀ ਟਰਮ ਤੋਂ ਕੈਨੇਡੀਅਨ ਹੇਠ ਲਿਖੇ ਵਾਅਦੇ ਪੂਰੇ ਹੋਣ ਦੀ ਉਮੀਦ ਕਰ ਸਕਦੇ ਹਨ।

ਲਿਬਰਲਾਂ ਨੇ ਹਜ਼ਾਰਾਂ ਨਵੇਂ ਪਰਸਨਲ ਸਪੋਰਟ ਵਰਕਰਜ਼ ਨੂੰ ਸਿਖਲਾਈ ਦੇਣ ਤੇ ਉਨ੍ਹਾਂ ਦੀਆਂ ਤਨਖਾਹਾਂ ਵਿੱਚ ਵਾਧੇ ਲਈ 9 ਬਿਲੀਅਨ ਡਾਲਰ ਖਰਚਣ ਦਾ ਵਾਅਦਾ ਕੀਤਾ। ਪਾਰਟੀ ਨੇ ਫੈਡਰਲ ਵਰਕਰਜ਼ ਲਈ 10 ਦਿਨ ਦੀ ਪੇਡ ਸਿੱਕ ਲੀਵ ਦਾ ਵਾਅਦਾ ਵੀ ਕੀਤਾ। ਇਸ ਤੋਂ ਇਲਾਵਾ ਸਕੂਲਾਂ ਵਿੱਚ ਵੈਂਟੀਲੇਸ਼ਨ ਵਿੱਚ ਸੁਧਾਰਨ ਕਰਨ ਤੇ ਅਜਿਹੇ ਬਿਜ਼ਨਸਿਜ਼ ਲਈ ਲੀਗਲ ਪ੍ਰੋਟੈਕਸ਼ਨ ਮੁਹੱਈਆ ਕਰਵਾਉਣ ਲਈ ਫੰਡ ਦੇਣ ਦਾ ਵਾਅਦਾ ਵੀ ਕੀਤਾ ਜਿਨ੍ਹਾਂ ਵੱਲੋਂ ਵੈਕਸੀਨੇਸ਼ਨਜ਼ ਨੂੰ ਲਾਜ਼ਮੀ ਕਰਨ ਦਾ ਫੈਸਲਾ ਕੀਤਾ ਗਿਆ ਹੈ। ਲਿਬਰਲਾਂ ਨੇ ਕੋਵਿਡ-19 ਦੇ ਸਿਹਤ ਉੱਤੇ ਦੇਰ ਤੱਕ ਰਹਿਣ ਵਾਲੇ ਅਸਰ ਦੇ ਅਧਿਐਨ ਲਈ 100 ਮਿਲੀਅਨ ਡਾਲਰ ਦਾ ਵਾਅਦਾ ਵੀ ਕੀਤਾ। ਪਾਰਟੀ ਵੱਲੋਂ ਪ੍ਰੋਵਿੰਸ਼ੀਅਲ ਵੈਕਸੀਨ ਪਾਸਪੋਰਟਸ ਲਈ 1 ਬਿਲੀਅਨ ਡਾਲਰ ਮੁਹੱਈਆ ਕਰਵਾਉਣ ਦਾ ਵਾਅਦਾ ਵੀ ਕੀਤਾ ਗਿਆ।



ਕੈਨੇਡਾ ਦੇ ਹਾਊਸਿੰਗ ਸੰਕਟ ਲਈ ਲਿਬਰਲਾਂ ਨੇ ਅਗਲੇ ਚਾਰ ਸਾਲਾਂ ਵਿੱਚ 1.4 ਮਿਲੀਅਨ ਘਰ ਤਿਆਰ ਕਰਨ, ਸਹੇਜਣ ਜਾਂ ਉਨ੍ਹਾਂ ਦੀ ਮੁਰੰਮਤ ਕਰਵਾਉਣ ਦਾ ਵਾਅਦਾ ਕੀਤਾ। ਇਸ ਤੋਂ ਇਲਾਵਾ ਲਿਬਰਲਾਂ ਵੱਲੋਂ ਨੈਸ਼ਨਲ ਹਾਊਸਿੰਗ ਕੋ-ਇਨਵੈਸਟਮੈਂਟ ਫੰਡ ਲਈ 2.7 ਬਿਲੀਅਨ ਡਾਲਰ ਦੇਣ ਦਾ ਵਾਅਦਾ ਵੀ ਕੀਤਾ ਗਿਆ ਹੈ। ਕੈਨੇਡੀਅਨਜ਼ ਨੂੰ ਨਵੇਂ ਘਰ ਲੈਣ ਵਿੱਚ ਮਦਦ ਕਰਨ ਲਈ ਲਿਬਰਲ ਲੋਨਜ਼ ਦੇ ਰੂਪ ਵਿੱਚ ਇੱਕ ਬਿਲੀਅਨ ਡਾਲਰ ਤੱਕ ਮੁਹੱਈਆ ਕਰਵਾਉਣਗੇ। ਲਿਬਰਲਾਂ ਨੇ ਇਹ ਵੀ ਵਾਅਦਾ ਕੀਤਾ ਹੈ ਕਿ ਉਹ ਹਰੇਕ ਕੈਨੇਡੀਅਨ ਦੀ ਫੈਮਿਲੀ ਡਾਕਟਰ ਤੱਕ ਪਹੁੰਚ ਯਕੀਨੀ ਬਣਾਉਣਗੇ ਤੇ ਇਹ ਵੀ ਪੱਕਾ ਕਰਨਗੇ ਕਿ ਡਾਕਟਰੀ ਨੁਸਖੇ ਵਾਲੀਆਂ ਦਵਾਈਆਂ ਕੈਨੇਡੀਅਨ ਸੁਖਾਲੇ ਢੰਗ ਨਾਲ ਅਫੋਰਡ ਕਰ ਸਕਣ। ਪੰਜ ਸਾਲਾਂ ਵਿੱਚ 3 ਬਿਲੀਅਨ ਡਾਲਰ ਲਾਂਗ ਟਰਮ ਕੇਅਰ ਦਾ ਮਿਆਰ ਸੁਧਾਰਨ ਲਈ ਵੀ ਖਰਚੇ ਜਾਣਗੇ। ਜਦੋਂ ਮਾਨਸਿਕ ਸਿਹਤ ਦੀ ਗੱਲ ਆਉਂਦੀ ਹੈ ਤਾਂ ਉਸ ਸਮੇਂ ਲਿਬਰਲਾਂ ਵੱਲੋਂ ਮੈਂਟਲ ਹੈਲਥ ਤੇ ਪੀਟੀਐਸਡੀ ਪ੍ਰੋਜੈਕਟਸ ਲਈ ਲਿਬਰਲਾਂ ਵੱਲੋਂ 150 ਮਿਲੀਅਨ ਡਾਲਰ ਖਰਚਣ ਦਾ ਵਾਅਦਾ ਕੀਤਾ ਗਿਆ ਹੈ। ਇਸ ਦੇ ਨਾਲ ਹੀ ਕੈਨੇਡਾ ਮੈਂਟਲ ਹੈਲਥ ਟਰਾਂਸਫਰ ਲਈ ਅਗਲੇ ਪੰਜ ਸਾਲਾਂ ਵਿੱਚ 4.5 ਬਿਲੀਅਨ ਡਾਲਰ ਦੇਣ ਦਾ ਵੀ ਲਿਬਰਲਾਂ ਵੱਲੋਂ ਵਾਅਦਾ ਕੀਤਾ ਗਿਆ ਹੈ।

ਇਸ ਤੋਂ ਇਲਾਵਾ ਲਿਬਰਲਾਂ ਨੇ ਮਹਾਂਮਾਰੀ ਦੌਰਾਨ ਖ਼ਤਮ ਹੋਈਆਂ ਇੱਕ ਮਿਲੀਅਨ ਨੌਕਰੀਆਂ ਬਹਾਲ ਕਰਨ ਦਾ ਵਾਅਦਾ ਵੀ ਕੀਤਾ। ਇਸ ਤੋਂ ਪਹਿਲਾਂ ਲਿਬਰਲਾਂ ਨੇ ਇੰਡੀਜੀਨਸ ਕਮਿਊਨਿਟੀਜ਼ ਲਈ ਜ਼ਿੰਦਗੀ ਦੇ ਮਿਆਰ ਨੂੰ ਸੁਧਾਰਨ ਤੇ ਉਨ੍ਹਾਂ ਲਈ ਨਵੇਂ ਮੌਕੇ ਮੁਹੱਈਆ ਕਰਵਾਉਣ ਵਾਸਤੇ ਪੰਜ ਸਾਲਾਂ ਵਿੱਚ 18 ਬਿਲੀਅਨ ਡਾਲਰ ਖਰਚ ਕਰਨ ਦਾ ਕਰਾਰ ਵੀ ਕੀਤਾ ਸੀ। ਟਰੂਡੋ ਤੇ ਲਿਬਰਲਾਂ ਨੇ ਕੌਮੀ ਪੱਧਰ ਉੱਤੇ ਗ੍ਰੀਨਹਾਊਸ ਗੈਸਾਂ ਦੇ ਰਿਸਾਅ ਨੂੰ 2005 ਤੋਂ ਪਹਿਲਾਂ ਵਾਲੇ 40 ਤੇ 45 ਫੀ ਸਦੀ ਵਾਲੇ ਪੱਧਰ ਉੱਤੇ ਲਿਆਉਣ ਦਾ ਵਾਅਦਾ ਕੀਤਾ। ਇਸ ਤੋਂ ਇਲਾਵਾ ਪਾਰਟੀ ਨੇ ਕਾਰਬਨ ਪ੍ਰਾਈਸਿੰਗ ਵਿੱਚ ਵਾਧਾ ਕਰਨ ਤੇ ਫੌਸਿਲ ਫਿਊਲ ਇੰਡਸਟਰੀ ਨੂੰ ਇਸ ਰਿਸਾਅ ਨੂੰ ਘਟਾਉਣ ਦਾ ਐਲਾਨ ਵੀ ਕੀਤਾ। ਇਲੈਕਟ੍ਰਿਕ ਵ੍ਹੀਕਲਜ਼ ਲਈ ਲਿਬਰਲਾਂ ਵੱਲੋਂ 1.5 ਬਿਲੀਅਨ ਡਾਲਰ ਦੇ ਰਿਬੇਟ ਪ੍ਰੋਗਰਾਮ ਦਾ ਵਾਅਦਾ ਵੀ ਕੀਤਾ ਜਾ ਰਿਹਾ ਹੈ।

# ਅਕਾਲੀ ਆਗੂਆਂ ਦੀ ਸਲਾਹ: ਬਲਬੀਰ ਸਿੰਘ ਰਾਜੇਵਾਲ ਕਿਸਾਨ ਅੰਦੋਲਨ ਨੂੰ ਸਿਆਸਤ ਤੋਂ ਉੱਪਰ ਰੱਖਣ

ਚੰਡੀਗੜ੍ਹ, 21 ਸਤੰਬਰ, (ਪੋਸਟ ਬਿਊਰੋ)- ਕਿਸਾਨਾਂ ਦੀ ਹਮਾਇਤ ਵਿੱਚ ਬਾਦਲ ਅਕਾਲੀ ਦਲ ਵੱਲੋਂ ਦਿੱਲੀ ਦੇ ਸਤਾਰਾਂ ਸਤੰਬਰ ਦੇ ਮਾਰਚ ਕਾਰਨ ਪੈਦਾ ਹੋਈ ਕੁੜੱਤਣ ਪਿੱਛੋਂ ਅੱਜ ਇਸ ਦਲ ਦੇ ਆਗੂਆਂ ਨੇ ਸੀਨੀਅਰ ਕਿਸਾਨ ਆਗੂ ਬਲਬੀਰ ਸਿੰਘ ਰਾਜੇਵਾਲ ਨੂੰ ਆਖਿਆ ਕਿ ਉਹ ਕਿਸਾਨ ਅੰਦੋਲਨ ਨੂੰ ਸਿਆਸਤ ਤੋਂ ਉੱਪਰ ਰੱਖਣ ਅਤੇ ਕਿਸਾਨਾਂ ਦੇ ਨਾਂਅ ਉੱਤੇ ਜਿਹੜੇ ਸ਼ਰਾਰਤੀ ਅਨਸਰਾਂ ਨੇ ਦਿੱਲੀ ਜਾਂਦੇ ਅਕਾਲੀ ਆਗੂਆਂ ਉੱਤੇ ਹਮਲੇ ਕੀਤੇ ਹਨ, ਉਨ੍ਹਾਂ ਦੇਖਿਲਾਫ ਠੋਸ ਕਾਰਵਾਈ ਕਰਨ।ਇਸ ਮੌਕੇ ਉਨ੍ਹਾਂ ਨੇ ਆਪਣੀ ਪਾਰਟੀ ਦੇ ਪੱਖ ਦੀ ਸਫਾਈ ਵੀ ਪੇਸ਼ ਕੀਤੀ।



ਅੱਜ ਏਥੇ ਅਕਾਲੀ ਦਲ ਦੇ ਮੁੱਖ ਦਫਤਰ ਵਿੱਚ ਪ੍ਰੈੱਸ ਕਾਨਫਰੰਸ ਦੌਰਾਨ ਸੀਨੀਅਰ ਅਕਾਲੀ ਆਗੂ ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ, ਮਹੇਸ਼ਇੰਦਰ ਸਿੰਘ ਗਰੇਵਾਲ ਅਤੇ ਡਾ. ਦਲਜੀਤ ਸਿੰਘ ਚੀਮਾ ਤਿੰਨੇ ਸਾਬਕਾ ਮੰਤਰੀਆਂਨੇ ਕਿਹਾ ਕਿ ਇਹ ਬਹੁਤ ਮੰਦ-ਭਾਗਾ ਹੈ ਕਿ ਬਲਬੀਰ ਸਿੰਘ ਰਾਜੇਵਾਲ ਨੇ ਇਹ ਮੰਨਿਆ ਕਿ ਮਾੜੇ ਅਨਸਰ ਕਿਸਾਨ ਸੰਘਰਸ਼ ਨੂੰ ਬਦਨਾਮ ਕਰਨਾ ਚਾਹੁੰਦੇ ਹਨ, ਪਰ ਇਸ ਦੇ ਬਾਵਜੂਦ ਉਨ੍ਹਾ ਨੇ ਨਾ ਅਜਿਹੇ ਦੋਸ਼ੀਆਂ ਤੋਂ ਘਟੀਆ ਵਤੀਰੇ ਦੀ ਬਿਨਾਂ ਸ਼ਰਤ ਮੁਆਫੀ ਮੰਗਵਾਈ ਤੇ ਨਾ ਉਨ੍ਹਾਂ ਖਿਲਾਫ ਕਾਨੂੰਨੀ ਕਾਰਵਾਈ ਕੀਤੀ ਹੈ। ਪ੍ਰੋ. ਚੰਦੂਮਾਜਰਾ ਤੇ ਗਰੇਵਾਲ ਨੇ ਬਲਬੀਰ ਸਿੰਘ ਰਾਜੇਵਾਲ ਦੇ ਉਸ ਬਿਆਨ ਦਾ ਵੀ ਗੰਭੀਰ ਨੋਟਿਸ ਲਿਆ, ਜਿਸ ਵਿੱਚ ਉਨ੍ਹਾਂਕਿਹਾ ਸੀ ਕਿ ਅਕਾਲੀ ਵਿਧਾਇਕਾਂ ਅਤੇ ਪਾਰਲੀਮੈਂਟ ਮੈਂਬਰਾਂ ਨੂੰ ਹੀ ਦਿੱਲੀ ਵਿੱਚ ਰੋਸ ਮਾਰਚ ਵਿਚ ਜਾਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਸਾਨੂੰ ਸਮਝ ਨਹੀਂ ਆਉਂਦਾ ਕਿ ਉਨ੍ਹਾਂ ਨੂੰ ਹਜ਼ਾਰਾਂ ਲੋਕਾਂ ਵੱਲੋਂ ਰੋਸ ਪ੍ਰਦਰਸ਼ਨ ਕਰਨ ਉੱਤੇ ਕੀ ਇਤਰਾਜ਼ ਹੈ, ਪਹਿਲਾਂ ਵੀ ਹਜ਼ਾਰਾਂ ਕਿਸਾਨਾਂ ਨੇ ਪਾਰਲੀਮੈਂਟ ਤੱਕ ਮਾਰਚ ਕਰ ਕੇ ਏਕੇ ਅਤੇ ਮਜ਼ਬੂਤੀ ਦਾ ਸੰਦੇਸ਼ ਦੇ ਕੇ ਦੁਨੀਆ ਦਾ ਧਿਆਨ ਖਿੱਚਿਆ ਸੀ। ਅਕਾਲੀ ਆਗੂਆਂ ਨੇ ਕਿਹਾ ਕਿ ਉਹ ਰਾਜੇਵਾਲ ਦਾ ਬਹੁਤ ਸਤਿਕਾਰ ਕਰਦੇ ਹਨ, ਪਰ ਰਾਜੇਵਾਲ ਨੂੰ ਸਿਆਸੀ ਬਿਆਨਾਂ ਨਾਲ ਆਪਣਾ ਸਤਿਕਾਰ ਨਹੀਂ ਘਟਾਉਣਾ ਚਾਹੀਦਾ। ਉਨ੍ਹਾਂ ਕਿਹਾ ਕਿ ਅਸੀਂ ਸਿਆਸੀ ਮੁੱਦਆਂਦੀ ਵੱਖਰੀ ਬਹਿਸ ਲਈ ਤਿਆਰ ਹਾਂ ਤੇ ਕਿਸਾਨ ਫੋਰਮ ਦੀ ਵਰਤੋਂ ਇਸ ਲਈਨਹੀਂ ਕਰਨੀ ਚਾਹੀਦੀ। ਉਨ੍ਹਾਂ ਦੱਸਿਆ ਕਿ ਲੋਕ ਸਭਾ ਵਿੱਚਸਾਬਕਾ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਦੇ ਬਿਆਨ ਰਿਕਾਰਡ ਦਾ ਹਿੱਸਾ ਹਨ ਤੇ ਬੀਬੀ ਬਾਦਲ ਪੰਜਾਬ ਦੇ ਇਤਿਹਾਸਦੇ ਇਕਲੌਤੇ ਕੇਂਦਰੀ ਮੰਤਰੀ ਹਨ, ਜਿਨ੍ਹਾਂ ਨੇ ਸੰਘਰਸ਼ ਕਰਦੇ ਕਿਸਾਨਾਂ ਦੇ ਸਮਰਥਨ ਵਿੱਚਕੇਂਦਰ ਸਰਕਾਰ ਦੇ ਮੰਤਰੀ ਅਹੁਦੇ ਤੋਂ ਅਸਤੀਫਾ ਦਿੱਤਾ ਹੈ।

ਇਸ ਦੌਰਾਨ ਡਾ. ਦਲਜੀਤ ਸਿੰਘ ਚੀਮਾ ਨੇ ਬਲਬੀਰ ਸਿੰਘ ਰਾਜੇਵਾਲ ਦਾ ਇਹ ਦਾਅਵਾ ਰੱਦ ਕੀਤਾ ਕਿ ਅਕਾਲੀ ਦਲ ਵੀਡੀਓ ਰਿਲੀਜ਼ ਕਰ ਕੇ ਕਿਸਾਨ ਅੰਦੋਲਨ ਨੂੰ ਬਦਨਾਮ ਕਰ ਰਿਹਾ ਹੈ। ਉਨ੍ਹਾਂ ਕਿਹਾ ਕਿ ਸੱਚਾਈ ਇਹ ਹੈ ਕਿ ਇਨ੍ਹਾਂ ਵੀਡੀਓ ਵਿੱਚ ਅਕਾਲੀ ਆਗੂਆਂ ਅਤੇ ਸਗੋਂ ਔਰਤਾਂ ਨਾਲ ਵੀ ਮਾੜਾ ਸਲੂਕ ਹੁੰਦਾ ਦਿੱਸ ਰਿਹਾ ਹੈ, ਇਨ੍ਹਾਂ ਨੂੰ ਡਰਾਇਆ, ਧਮਕਾਇਆ ਅਤੇ ਲੁੱਟਿਆਂ ਤੇ ਇਨ੍ਹਾਂ ਦੇ ਵਾਹਨਾਂ ਦਾ ਨੁਕਸਾਨ ਕੀਤਾ ਜਾਂਦਾ ਦਿੱਸ ਪੈਂਦਾ ਹੈ ਅਤੇ ਇਹ ਵੀਡੀਓ ਇਹ ਕੁਝ ਕਰਨ ਵਾਲਿਆਂ ਨੇ ਖੁਦ ਪਾਈਆਂ ਹਨ, ਪੀੜਤਾਂ ਨੇ ਨਹੀਂ ਪਾਈਆਂ। ਉਨ੍ਹਾਂ ਨੇ ਬਲਬੀਰ ਸਿੰਘ ਰਾਜੇਵਾਲ ਨੂੰ ਪੁੱਛਿਆ ਕਿ ਉਨ੍ਹਾਂ ਨੇ ਇਸ ਅਪਰਾਧੀ ਹਰਕਤ ਦਾ ਕੀ ਨੋਟਿਸ ਲਿਆ ਹੈ। ਡਾ. ਚੀਮਾ ਨੇ ਇਹ ਵੀ ਕਿਹਾ ਕਿ ਇਹ ਬਹੁਤ ਮੰਦ-ਭਾਗਾ ਹੈ ਕਿ ਬਲਬੀਰ ਸਿੰਘ ਰਾਜੇਵਾਲ ਨੇ ਸਾਰੇ ਮੁੱਦੇ ਦਾ ਸਿਆਸੀਕਰਨ ਕਰਨ ਅਤੇ ਅਕਾਲੀ ਦਲ, ਜਿਸ ਨੇ ਕੇਂਦਰੀ ਮੰਤਰਾਲਾ ਵੀ ਛੱਡਿਆ ਸੀ ਅਤੇ ਐੱਨ ਡੀ ਏ ਗੱਠਜੋੜ ਤੋਂ ਸੰਬੰਧ ਵੀ ਤੋੜਿਆ ਸੀ, ਨੂੰ ਬਦਨਾਮ ਕਰਨ ਦਾ ਯਤਨ ਕੀਤਾ ਹੈ। ਉਨ੍ਹਾਂ ਕਿਹਾ ਕਿ ਰਾਜੇਵਾਲ ਆਰਡੀਨੈਂਸ ਤਿਆਰ ਕਰਨ ਵਿੱਚ ਕਾਂਗਰਸ ਪਾਰਟੀ ਦੇ ਰੋਲਅਤੇ ਕਾਂਗਰਸ ਸਰਕਾਰ ਵੱਲੋਂ 2017 ਵਿਚ ਏ ਪੀ ਐੱਮ ਸੀ ਐਕਟ ਵਿੱਚ ਕੀਤੀਆਂ ਸੋਧਾਂ ਦੀਗੱਲ ਕਰਨ ਤੋਂ ਨਾਕਾਮ ਰਹੇ ਹਨ।

ਇਨ੍ਹਾਂ ਅਕਾਲੀ ਆਗੂਆਂ ਨੇ ਸਾਫ ਕਿਹਾ ਕਿ 17 ਸਤੰਬਰ ਦੇ ਉਨ੍ਹਾਂ ਦੇ ਰੋਸ ਮਾਰਚ ਸਿਰਫ ਕਿਸਾਨ ਅੰਦੋਲਨ ਨੂੰ ਮਜ਼ਬੂਤ ਕਰਨ ਲਈ ਸੀ ਅਤੇ ਰਾਜੇਵਾਲ ਨੂੰ ਇਸ ਦੀ ਸ਼ਲਾਘਾ ਕਰਨੀ ਚਾਹੀਦੀ ਹੈ। ਉਨ੍ਹਾਂ ਨੇ ਕਿਹਾ ਕਿ ਅਕਾਲੀ ਦਲ ਨੇ ਮਾਰਚ ਵਿਚ ਵੀਸਾਫ ਕਿਹਾਸੀ ਕਿ ਉਹ ਤਿੰਨ ਖੇਤੀ ਕਾਨੂੰਨ ਰੱਦ ਕਰਵਾਉਣ, ਫਸਲਾਂ ਲਈ ਘੱਟੋ-ਘੱਟ ਖਰੀਦ ਕੀਮਤ (ਐੱਮ ਐੱਸ ਪੀ) ਨੂੰ ਕਾਨੂੰਨੀ ਅਧਿਕਾਰ ਦਿਵਾਉਣ ਤੇ ਸਾਰੀਆਂ ਪ੍ਰਮੁੱਖ ਫਸਲਾਂ ਦੀ ਯਕੀਨੀ ਸਰਕਾਰੀ ਖਰੀਦ ਬਾਰੇ ਦ੍ਰਿੜ੍ਹ ਸੰਕਲਪ ਹੈ। ਉਨ੍ਹਾਂ ਨੇ ਦਿੱਲੀ ਰੋਸ ਮਾਰਚ ਵਿੱਚ ਇਨ੍ਹਾਂ ਮੰਗਾਂ ਬਾਰੇ ਹੀ ਨਾਅਰੇਬਾਜ਼ੀ ਕੀਤੀ ਸੀ ਤੇ ਉਹ ਇਹ ਮੰਗਾਂ ਪ੍ਰਵਾਨ ਹੋਣ ਤੱਕ ਅਕਾਲੀ ਦਲ ਵੱਲੋਂ ਇਨ੍ਹਾਂ ਮੰਗਾਂ ਨੂੰ ਏਸੇ ਤਰ੍ਹਾਂ ਚੁੱਕਦੇ ਰਹਿਣਗੇ।

# ਕਿਸਾਨ ਸੰਗਠਨਾਂ ਦੇ ਸੱਦੇ ਉੱਤੇ 27 ਸਤੰਬਰ ਨੂੰ 'ਭਾਰਤ ਬੰਦ' ਰਹੇਗਾ

ਨਵੀਂ ਦਿੱਲੀ, 21 ਸਤੰਬਰ, (ਪੋਸਟ ਬਿਊਰੋ)- ਭਾਰਤ ਵਿਚ ਇਕ ਵਾਰ ਫਿਰ ਕਿਸਾਨ ਮੁੱਦਿਆਂ ਉੱਤੇ 'ਭਾਰਤ ਬੰਦ' ਹੋਣ ਲੱਗਾ ਹੈ। ਭਾਰਤ ਸਰਕਾਰ ਦੇ ਤਿੰਨ ਨਵੇਂ ਖੇਤੀ ਕਾਨੂੰਨਾਂ ਵਿਰੁੱਧ ਇਸ ਵਾਰ ਸੰਯੁਕਤ ਕਿਸਾਨ ਮੋਰਚੇ ਵੱਲੋਂ 27 ਸਤੰਬਰ ਨੂੰ ਦੇਸ਼ ਭਰ ਦੇ ਕਿਸਾਨਾਂ ਵੱਲੋਂ ਭਾਰਤ ਬੰਦ ਕਰਨ ਦਾ ਐਲਾਨ ਕੀਤਾ ਗਿਆ ਹੈ।

ਵਰਨਣ ਯੋਗ ਹੈ ਕਿ ਭਾਰਤ ਦੀ ਨਰਿੰਦਰ ਮੋਦੀ ਸਰਕਾਰ ਵੱਲੋਂ ਬਣਾਏ ਤਿੰਨਾਂ ਨਵੇਂ ਖੇਤੀ ਕਾਨੂੰਨ ਪਾਸ ਹੋਣ ਅਤੇ ਰਾਸ਼ਟਰਪਤੀ ਵੱਲੋਂ ਦਸਖਤ ਕਰਨ ਦੇ ਪਿੱਛੋਂ ਕਾਨੂੰਨ ਬਣਨ ਨੂੰ 27 ਸਤੰਬਰ ਨੂੰ ਇਕ ਸਾਲ ਹੋ ਜਾਵੇਗਾ। ਕਿਸਾਨ ਇਨ੍ਹਾਂ ਕਾਨੂੰਨਾਂ ਦੇ ਖਿਲਾਫ਼ ਦਿੱਲੀਦੇ ਬਾਰਡਰਾਂ ਉੱਤੇਪਿਛਲੇ 26 ਨਵੰਬਰ ਤੋਂ ਧਰਨੇ ਲਾਈ ਬੈਠੇ ਅਤੇ ਲਗਾਤਾਰ ਪ੍ਰਦਰਸ਼ਨ ਕਰ ਰਹੇ ਹਨ ਅਤੇ ਦੇਸ਼ ਵਿੱਚ ਵੀ ਕਿਸਾਨ ਵੱਖ-ਵੱਖ ਥਾਈਂ ਵਿਰੋਧ ਪ੍ਰਦਰਸ਼ਨ ਕਰ ਰਹੇ ਹਨ।

ਇਸ ਸੰਬੰਧ ਵਿੱਚ ਸੰਯੁਕਤ ਕਿਸਾਨ ਮੋਰਚਾ ਨੇ 27 ਸਤੰਬਰ ਨੂੰ ਸਾਰੇ ਦੇਸ਼ ਵਿਚ ਭਾਰਤ ਬੰਦ ਦਾ ਐਲਾਨ ਕੀਤਾ ਹੈ। ਦੇਸ਼ ਦੇ ਕਈ ਹੋਰ ਕਿਸਾਨ ਸੰਗਠਨ ਵੀ ਸੰਯੁਕਤ ਕਿਸਾਨ ਮੋਰਚਾ ਵੱਲੋਂ ਕੀਤੇ ਜਾ ਰਹੇ ਇਸ ਪ੍ਰਦਰਸ਼ਨ ਵਿਚ ਸ਼ਾਮਲ ਹੋਣਗੇ ਅਤੇ ਕਿਸਾਨ ਆਗੂਆਂ ਦਾ ਕਹਿਣਾ ਹੈ ਕਿ ਭਾਰਤ ਬੰਦ ਪੂਰੀ ਤਰ੍ਹਾਂ ਸ਼ਾਂਤਮਈ ਹੋਵੇਗਾ।ਇਹ ਉਸ ਦਿਨ ਸਵੇਰੇ 6 ਵਜੇ ਤੋਂ ਸ਼ੁਰੂ ਸ਼ਾਮ ਚਾਰ ਵਜੇ ਤੱਕ ਰਹੇਗਾ, ਜਿਸ ਦੌਰਾਨ ਹਰ ਤਰ੍ਹਾਂ ਦੀ ਆਵਾਜਾਈਰੋਕੀ ਜਾਵੇਗੀ। ਇਸ ਬੰਦ ਦੌਰਾਨ ਕੇਂਦਰ ਤੇ ਰਾਜ ਸਰਕਾਰਾਂ ਦੇ ਦਫ਼ਤਰ, ਬਾਜ਼ਾਰ, ਦੁਕਾਨਾਂ, ਕਾਰਖਾਨੇ, ਸਕੂਲ, ਕਾਲਜ ਅਤੇ ਹੋਰ ਵਿਦਿਅਕ ਅਦਾਰਿਆਂ ਨੂੰ ਖੋਲ੍ਹਣ ਦੀ ਇਜਾਜ਼ਤ ਨਹੀਂ ਹੋਵੇਗੀ, ਪਰ ਬੰਦ ਦੌਰਾਨ ਐਂਬੂਲੈਂਸ ਤੇ ਫਾਇਰ ਬ੍ਰਿਗੇਡ ਸੇਵਾਵਾਂ ਸਣੇ ਐਮਰਜੈਂਸੀ ਸੇਵਾਵਾਂ ਚੱਲਦੀਆਂ ਰਹਿਣਗੀਆਂ। ਕਿਤੇਕੋਈ ਸਰਕਾਰੀ ਜਾਂ ਗ਼ੈਰ-ਸਰਕਾਰੀ ਜਨਤਕ ਪ੍ਰੋਗਰਾਮ ਨਹੀਂ ਹੋਣ ਦਿੱਤਾ ਜਾਵੇਗਾ, ਪਰ ਨਿੱਜੀ ਐਮਰਜੈਂਸੀ (ਮੌਤ, ਬਿਮਾਰੀ, ਵਿਆਹ ਆਦਿ) ਬਾਰੇ ਕੋਈ ਰੋਕ ਨਹੀਂ ਲਾਈ ਜਾਵੇਗੀ। ਇਸ ਤੋਂ ਇਲਾਵਾ ਸਥਾਨਕ ਸੰਗਠਨਾਂ ਵੱਲੋਂ ਹੋਰ ਕੋਈ ਛੋਟ ਵੀ ਦਿੱਤੀ ਜਾ ਸਕਦੀ ਹੈ। ਸੰਯੁਕਤ ਕਿਸਾਨ ਮੋਰਚੇ ਨੇ ਆਪਣੇ ਵਰਕਰਾਂਨੂੰ ਕਿਹਾ ਹੈ ਕਿ ਬੰਦ ਦੌਰਾਨ ਲੋਕਾਂ ਨੂੰ ਸਵੈ-ਇੱਛਾ ਨਾਲ ਸਭ ਕੁਝ ਬੰਦ ਕਰਨ ਲਈ ਅਪੀਲ ਕੀਤੀ ਜਾਵੇ, ਕੋਈ ਜ਼ਬਰਦਸਤੀ ਨਾ ਕੀਤੀ ਜਾਵੇ ਅਤੇ ਅੰਦੋਲਨ ਵਿੱਚ ਕਿਸੇ ਵੀ ਤਰ੍ਹਾਂ ਦੀ ਹਿੰਸਾਂ ਜਾਂ ਭੰਨਤੋੜ ਨਾ ਹੋਵੇ।


REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047



ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਐ
Super Visa
■ How your spouse can join you within 4-6 months
■ How your parents can join you
■ How students & skilled people can come to Canada
■ How international Students & Foreign workers can get their immigration
We do appeal for Refusal cases also
Sponsor Your Family
MacroGlobal Immigration Services Ltd.
Seema Bhayana
ICCRC
Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com



SherGill Law Firm
Barrister, Solicitor & Notary Public
Services:
★Real Estate
★Residential, Commercial & Franchise
★Criminal Law
★Family Law
★Affidavit, Power Of Attorney & Notarization
★Immigration Matters
Paramjit Singh Gill (MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact: 416.910.5676
www.shergilllawfirm.ca



NEED A LAWYER ??
KAUR LAW OFFICE
Red Seal NOTARY
MANJEET KAUR
LL.B., (London UK) Barrister, Solicitor & Notary Public
REAL ESTATE LAWYER
• Residential & Commercial
• Sale/Purchase of House
• Mortgage & Refinancing
• Drafting/Reviewing Agreements
• Title Transfer
• 2nd Mortgage
IMMIGRATION
• Skilled Worker Category
• Spousal & Family Sponsorship
• Student Permits Visa & Renewals
• PR Renewal/ Citizenship Application
FAMILY LAWYER
• Child & Spousal support
• Custody & Access
• Divorce
• Equalization
BUSINESS LAW
• Incorporation & Shareholder agreements
• Sales & Purchase of Assets & Shares
• Notarization & Affidavits
WILLS & ESTATE
• Wills
• Certificate of Estate Trustee with/without Will
• Power of attorney for Property & Personal Care
Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1



Grand Upholstery Ltd
Sofa Company Originality in Every Piece
Special on Sale
● ਪੁਰਾਣੇ ਸੋਫਿਆਂ ਦੀ ਮੁਰੰਮਤ ਵੀ ਕੀਤੀ ਜਾਂਦੀ ਹੈ
● ਟੌਪ ਕੁਆਲਿਟੀ ਦੀ ਫੋਮ ਅਤੇ ਸਪਰਿੰਗ ਵਰਤੇ ਜਾਂਦੇ ਹਨ।
● ਆਪਣੀ ਮਨਪਸੰਦ ਦਾ ਕੋਈ ਵੀ L Shape ਡਿਜਾਇਨ ਅਤੇ ਰੰਗ ਚੁਣ ਸਕਦੇ ਹੋ।
● ਕੱਪੜਾ ਚਾੜ ਕੇ ਪੁਰਾਣਾ ਸੋਫਾ, ਡਾਇਨਿੰਗ ਚੇਅਰ ਨੂੰ ਨਵਿਆਂ ਵਰਗਾ ਬਣਾਉਂਦੇ ਹਾਂ
ਆਰਡਰ ਦੇ ਕੇ ਨਵੇਂ ਸੋਫੇ ਦੂਜੇ ਸਟੋਰਾਂ ਨਾਲੋ ਘੱਟ ਕੀਮਤ ਉੱਤੇ ਵੀ ਲੈ ਸਕਦੇ ਹੋ
ਕੁਆਲਿਟੀ ਮੂਹੋਂ ਬੋਲਦੀ ਹੈ
Tel: 905.791.2888 Cell: 647.293.3212
2053 williams Pkway unit #45, Brampton, ON L6S 5T4 Email: grandupholsery@gmail.com

# ਲਿਬਰਲ ਪਾਰਟੀ ਫਿਰ ਬਣਾਵੇਗੀ ਘੱਟ ਗਿਣਤੀ ਸਰਕਾਰ

## * ਇਸ ਵਾਰੀ ਪਹਿਲਾਂ ਨਾਲੋਂ ਘੱਟ ਪੰਜਾਬੀ ਮੂਲ ਦੇ ਉਮੀਦਵਾਰ ਚੋਣਾਂ ਵਿੱਚ ਹੋਏ ਕਾਮਯਾਬ * ਦੋ ਨਵੇਂ ਚਿਹਰੇ ਸਾਹਮਣੇ ਆਏ ਜਾਰਜ ਚਾਹਲ ਤੇ ਇਕਵਿੰਦਰ ਗਹੀਰ

ਓਨਟਾਰੀਓ; 21 ਸਤੰਬਰ (ਪੋਸਟ ਬਿਊਰੋ) : 2021 ਦੀਆਂ ਫੈਡਰਲ ਚੋਣਾਂ, ਜੋ ਕਿ ਮਹਾਂਮਾਰੀ ਦੌਰਾਨ ਕਰਵਾਈਆਂ ਗਈਆਂ, ਵਿੱਚ ਇੱਕ ਵਾਰੀ ਜਿੱਤ ਮੁੜ ਲਿਬਰਲਾਂ ਦੀ ਹੋਈ ਹੈ ਪਰ ਇਸ ਵਾਰੀ ਵੀ ਉਹ ਬਹੁਗਿਣਤੀ ਸਰਕਾਰ ਬਣਾਉਣ ਦਾ ਆਪਣਾ ਸੁਪਨਾ ਸਾਕਾਰ ਨਹੀਂ ਕਰ ਪਾਏ। ਪਰ ਲਿਬਰਲਾਂ ਦੀ ਇਸ ਜਿੱਤ ਵਿੱਚ ਪਹਿਲਾਂ ਵੀ ਤੇ ਹੁਣ ਵੀ ਪੰਜਾਬੀਆਂ ਦਾ ਕਾਫੀ ਯੋਗਦਾਨ ਰਿਹਾ ਹੈ। ਭਾਵੇਂ ਇਸ ਵਾਰੀ ਪਹਿਲਾਂ ਨਾਲੋਂ ਘੱਟ ਪੰਜਾਬੀ ਮੂਲ ਦੇ ਉਮੀਦਵਾਰਾਂ ਨੇ ਚੋਣਾਂ ਵਿੱਚ ਹਿੱਸਾ ਲਿਆ ਪਰ ਇੱਕ ਦੋ ਨੂੰ ਛੱਡ ਕੇ ਬਾਕੀ ਪੰਜਾਬੀਆਂ ਨੇ ਆਪਣੇ ਸਫਲਤਾ ਦੇ ਇਤਿਹਾਸ ਨੂੰ ਜ਼ਰੂਰ ਦੁਹਰਾਇਆ। ਇਸ ਵਾਰੀ ਗਗਨ ਸਿਕੰਦ, ਰਮੇਸ਼ ਸੰਘਾ ਤੇ ਨਵਦੀਪ ਬੈਂਸ ਨੇ ਫੈਡਰਲ ਚੋਣਾਂ ਵਿੱਚ ਹਿੱਸਾ ਹੀ ਨਹੀਂ ਲਿਆ। ਰਾਜ ਸੈਣੀ ਨੂੰ ਇਸ ਵਾਰੀ ਹਾਰ ਦਾ ਸਾਹਮਣਾ ਕਰਨਾ ਪਿਆ। ਇੱਥੇ ਦੱਸਣਾ ਬਣਦਾ ਹੈ ਕਿ ਮਗਰਲੇ ਹਫਤੇ ਵਿੱਚ ਉਸ ਨੂੰ ਪਾਰਟੀ ਵਿੱਚੋਂ ਵੀ ਕੱਢ ਦਿੱਤਾ ਗਿਆ ਸੀ। ਜੈਗ ਸਹੋਤਾ, ਜੋ ਕਿ ਲਿਬਰਲ ਹੈ, ਕੈਲਗਰੀ ਤੋਂ ਜਾਰਜ ਚਾਹਲ ਤੋਂ ਹਾਰ ਗਈ। ਬੌਬ ਸਰੋਆ ਦੋ ਵਾਰੀ ਐਮਪੀ ਰਹੀ ਪਰ ਇਸ ਵਾਰੀ ਆਪਣੇ ਨੇੜਲੇ ਵਿਰੋਧੀ ਤੋਂ ਹਾਰ ਗਈ।

ਪੰਜਾਬੀ ਮੂਲ ਦੇ ਸਾਰੇ ਮੰਨੇ ਪ੍ਰਮੰਨੇ ਚਿਹਰਿਆਂ ਨੂੰ ਇਸ ਵਾਰੀ ਵੀ 2021 ਦੀਆਂ ਫੈਡਰਲ ਚੋਣਾਂ ਵਿੱਚ ਸਫਲਤਾ ਹਾਸਲ ਹੋਈ ਹੈ। ਇਨ੍ਹਾਂ ਵਿੱਚ ਰੱਖਿਆ ਮੰਤਰੀ ਹਰਜੀਤ ਸੱਜਣ ਨੂੰ ਵੈਨਕੂਵਰ ਸਾਊਥ, ਮੰਤਰੀ ਬਰਦੀਸ਼ ਚੱਗੜ ਨੂੰ ਵਾਟਰਲੂ, ਮੰਤਰੀ ਅਨੀਤਾ ਆਨੰਦ ਨੂੰ ਓਕਵਿੱਲ ਤੇ ਐਨਡੀਪੀ ਦੇ ਜਗਮੀਤ ਸਿੰਘ ਨੂੰ ਬਰਨਾਬੀ ਸਾਊਥ ਤੋਂ ਜਿੱਤ ਹਾਸਲ ਹੋਈ। ਹੋਰ ਜੇਤੂ ਰਹਿਣ ਵਾਲੇ ਉੱਘੇ ਆਗੂਆਂ ਵਿੱਚ ਜਸਰਾਜ ਸਿੰਘ, ਜਾਰਜ ਚਾਹਲ, ਟਿੰਮ ਉੱਪਲ, ਸੁੱਖ ਧਾਲੀਵਾਲ ਤੇ ਰਣਦੀਪ ਸਿੰਘ ਸਰਾਇ ਹਨ।

ਇਨ੍ਹਾਂ ਵਿੱਚ ਬਹੁਤੀਆਂ ਸੀਟਾਂ ਓਨਟਾਰੀਓ ਵਿੱਚ ਹਨ, ਜੋ ਵੈਸੇ ਵੀ ਪੰਜਾਬੀਆਂ ਦਾ ਗੜ੍ਹ ਮੰਨਿਆ ਜਾਂਦਾ ਹੈ। ਬਰੈਂਪਟਨ ਵਿੱਚ ਪੰਜ ਵਿੱਚੋਂ ਚਾਰ ਸੀਟਾਂ ਪੰਜਾਬੀ ਮੂਲ ਦੇ ਐਮਪੀਜ਼ ਨੇ ਜਿੱਤੀਆਂ, ਬਰੈਂਪਟਨ ਨੌਰਥ ਤੋਂ ਰੂਬੀ ਸਹੋਤਾ, ਬਰੈਂਪਟਨ ਈਸਟ ਤੋਂ ਮਨਿੰਦਰ ਸਿੱਧੂ, ਬਰੈਂਪਟਨ ਸਾਊਥ ਤੋਂ ਸੋਨੀਆ ਸਿੱਧੂ ਤੇ ਬਰੈਂਪਟਨ ਵੈਸਟ ਤੋਂ ਕਮਲ ਖਹਿਰਾ। ਜਿੱਤਣ ਵਾਲਿਆਂ ਵਿੱਚ ਪੰਜ ਮਹਿਲਾਵਾਂ ਹਨ, ਇਨ੍ਹਾਂ ਵਿੱਚੋਂ ਅੰਜੂ ਢਿੱਲੋਂ, ਜੋ ਕਿ ਲਿਬਰਲ ਪਾਰਟੀ ਦੀ ਡਰੋਵਲ ਲੈਸੀਨ ਲਾ ਸਾਲੇ ਤੋਂ ਉਮੀਦਵਾਰ ਸੀ, ਨੇ ਕਿਊਬਿਕ ਪ੍ਰੋਵਿੰਸ ਦੀ ਇਹ ਸੀਟ ਦੂਹਰੀ ਵਾਰੀ ਜਿੱਤੀ ਹੈ। ਉਸ ਤੋਂ ਇਲਾਵਾ ਜਿਨ੍ਹਾਂ ਪੰਜਾਬੀ ਮਹਿਲਾਵਾਂ ਨੂੰ ਇਸ ਵਾਰੀ ਮੁੜ ਸਫਲਤਾ ਹਾਸਲ ਹੋਈ ਹੈ ਉਨ੍ਹਾਂ ਵਿੱਚ ਰੂਬੀ ਸਹੋਤਾ, ਸੋਨੀਆ ਸਿੱਧੂ, ਅਨੀਤਾ ਆਨੰਦ ਤੇ ਬਰਦੀਸ਼ ਚੱਗੜ ਦੇ ਨਾਂ ਸਲਾਹੁਣਯੋਗ ਹਨ।

ਬ੍ਰਿਟਿਸ਼ ਕੋਲੰਬੀਆ ਵਿੱਚ ਤਿੰਨ ਵਾਰੀ ਸਫਲ ਰਹਿ ਚੁੱਕੇ ਲਿਬਰਲ ਪਾਰਟੀ ਐਮਪੀ ਸੁੱਖ ਧਾਲੀਵਾਲ ਇੱਕ ਵਾਰੀ ਫਿਰ ਆਪਣੀ ਸਰ੍ਹੀ ਨਿਊਟਨ ਸੀਟ ਬਚਾਉਣ ਵਿੱਚ ਕਾਮਯਾਬ ਹੋਏ ਹਨ। ਇਸੇ ਤਰ੍ਹਾਂ ਦੋ ਵਾਰੀ ਲਿਬਰਲ ਪਾਰਟੀ ਐਮਪੀ ਰਹਿ ਚੁੱਕੇ ਰਣਦੀਪ ਸਿੰਘ ਸਰਾਇ ਵੀ ਆਪਣੀ ਸੀਟ ਬਚਾਉਣ ਵਿੱਚ ਕਾਮਯਾਬ ਰਹੇ ਹਨ। ਅਲਬਰਟਾ ਵਿੱਚ ਜਸਰਾਜ ਸਿੰਘ ਹੱਲਣ ਕੈਲਗਰੀ ਫੌਰੈਸਟ ਲਾਅਨ ਵਾਲੀ ਆਪਣੀ ਸੀਟ ਤੋਂ ਮੁੜ ਜਿੱਤ ਚੁੱਕੇ ਹਨ ਤੇ ਕੈਲਗਰੀ ਸਕਾਇਵਿਊ ਤੋਂ ਜਾਰਜ ਚਾਹਲ ਨੇ ਲਿਬਰਲਾਂ ਲਈ ਸੀਟ ਉੱਤੇ ਕਬਜਾ ਕਰ ਲਿਆ ਹੈ। ਮਨਿੰਦਰ ਸਿੱਧੂ, ਸੋਨੀਆ ਸਿੱਧੂ, ਰੂਬੀ ਸਹੋਤਾ, ਕਮਲ ਖਹਿਰਾ ਨੂੰ ਵੀ ਜਿੱਤ ਹਾਸਲ ਹੋਈ ਹੈ। ਮਿਸੀਸਾਗਾ ਮਾਲਟਨ ਤੋਂ ਲਿਬਰਲਾਂ ਲਈ ਸੀਟ ਜਿੱਤਣ ਵਾਲੇ ਇਕਵਿੰਦਰ ਗਹੀਰ ਨੂੰ ਸੱਭ ਤੋਂ ਨਿੱਕੀ ਉਮਰ ਦਾ ਐਮਪੀ ਦੱਸਿਆ ਜਾ ਰਿਹਾ ਹੈ।





| | |
|---|---|
| Liberal | 158 |
| CONSERVATIVE | 119 |
| BLOC Québécois | 34 |
| NDP | 25 |
| green PARTY OF CANADA | 2 |

## ਚੋਣਾਂ ਵਿੱਚ ਪੰਜਾਬੀ ਮੂਲ ਦੇ ਕਾਮਯਾਬ ਹੋਏ ਉਮੀਦਵਾਰ


ਜਗਮੀਤ ਸਿੰਘ


ਜਸਰਾਜ ਹੱਲਣ



ਰਣਦੀਪ ਸਿੰਘ ਸਰਾਇ


ਟਿੰਮ ਉੱਪਲ


ਹਰਜੀਤ ਸੱਜਣ


ਮਨਿੰਦਰ ਸਿੱਧੂ


ਇਕਵਿੰਦਰ ਗਹੀਰ


ਸੁੱਖ ਧਾਲੀਵਾਲ


ਜਾਰਜ ਚਾਹਲ


ਅਨੀਤਾ ਆਨੰਦ


ਅੰਜੂ ਢਿੱਲੋਂ


ਬਰਦੀਸ਼ ਚੱਗੜ


ਸੋਨੀਆ ਸਿੱਧੂ


ਰੂਬੀ ਸਹੋਤਾ


ਕਮਲ ਖਹਿਰਾ

## ਬਾਹਰ ਹੋਏ ਪੰਜਾਬੀ ਮੂਲ ਦੇ ਉਮੀਦਵਾਰ


ਨਵਦੀਪ ਬੈਂਸ


ਗਗਨ ਸਿਕੰਦ


ਬੌਬ ਸਰਾਏ


ਰਮੇਸ਼ ਸੰਘਾ


ਰਾਜ ਸੈਣੀ


ਜੈਗ ਸਹੋਤਾ



# ਪੋਪ ਫਰਾਂਸਿਸ ਨੇ ਕਿਹਾ: ਕੁਝ ਲੋਕ ਚਾਹੁੰਦੇ ਸਨ ਕਿ ਮੈਂ ਮਰ ਜਾਵਾਂ

ਰੋਮ, 21 ਸਤੰਬਰ, (ਪੋਸਟ ਬਿਊਰੋ)- ਈਸਾਈ ਧਰਮ ਲਈ ਜਗਤ ਗੁਰੂ ਪੋਪ ਫਰਾਂਸਿਸ ਨੇ ਆਪਣੇ ਵਿਰੁੱਧ ਰੂੜੀਵਾਦੀ ਆਲੋਚਕਾਂ ਉੱਤੇ ਨਿਸ਼ਾਨਾ ਵਿੰਨ੍ਹਦੇ ਹੋਏ ਕਿਹਾ ਹੈ ਕਿ ਉਨ੍ਹਾਂ ਦੀਆਂ ਅਸ਼ਲੀਲ ਟਿੱਪਣੀਆਂ ਸ਼ੈਤਾਨ ਦਾ ਕੰਮ ਹਨ ਅਤੇ ਪਿਛਲੇ ਦਿਨੀਂ ਹੋਈ ਮੇਰੀ ਅੰਤੜੀਆਂ ਦੀ ਸਰਜਰੀ ਤੋਂ ਬਾਅਦ ਕੁਝ ਲੋਕ ਚਾਹੁੰਦੇ ਸਨ ਕਿ ਮੈਂ ਮਰ ਜਾਵਾਂ। ਪੋਪ ਫਰਾਂਸਿਸ ਨੇ ਸਲੋਵਾਕ ਦੀ ਰਾਜਧਾਨੀ ਬ੍ਰਾਤਿਸਲਾਵਾ ਵਿੱਚ ਪਹੁੰਚਣ ਤੋਂ ਤੁਰੰਤ ਬਾਅਦ ਏਥੇ ਸਲੋਵਾਕੀਆ ਦੇ ਜੇਸੁਆਈਟਸ ਨਾਲ ਹੋਈ ਇਕ ਬੈਠਕ ਵਿੱਚ ਇਹ ਗੱਲ ਕਹੀ ਹੈ। ਇਸ ਬੈਠਕ ਵਿੱਚ ਹੋਈ ਗੱਲਬਾਤ ਦੇ ਕੁਝ ਖਾਸ ਅੰਸ਼ ਮੰਗਲਵਾਰ ਨੂੰ ਜੈਸੁਆਈਟ ਜਰਨਲ ਲਾਅ ਸਿਵਿਲਟਾ ਕੈਟੋਲੀਆ ਵਿੱਚਛਾਪੇ ਗਏ ਹਨ।ਇਸ ਗੱਲਬਾਤ ਮੌਕੇ ਪਾਦਰੀ ਨੇ ਉਨ੍ਹਾਂ ਤੋਂ ਪੁੱਛਿਆ ਕਿ ਉਹ ਕਿੰਦਾਂ ਮਹਿਸੂਸ ਕਰਦੇ ਹਨ ਤਾਂ ਪੋਪ ਨੇ ਮਜ਼ਾਕੀਆ ਲਹਿਜ਼ੇ ਵਿੱਚ ਕਿਹਾ ਅਜੇ ਮੈਂ ਜਿੰਦਾ ਹਾਂ। ਉਨ੍ਹਾਂ ਕਿਹਾ ਕਿ ਕੁਝ ਲੋਕ ਚਾਹੁੰਦੇ ਸਨ ਕਿ ਮੈਂ ਮਰ ਜਾਵਾਂ, ਮੈਨੂੰ ਪਤਾ ਹੈ ਕਿ ਪਾਦਰੀ ਲੋਕ ਬੈਠਕਾਂ ਕਰਨ ਲੱਗੇ ਸਨ ਅਤੇ ਕਹਿ ਰਹੇ ਸਨ ਕਿ ਪੋਪ ਦੀ ਹਾਲਤ ਜਿਹੜੀ ਦੱਸੀ ਜਾਂਦੀ ਹੈ, ਅਸਲ ਵਿੱਚ ਉਹ ਉਸ ਤੋਂ ਵੱਧ ਖਰਾਬ ਹੈ, ਉਹ ਅੱਗੇ ਦੀ ਤਿਆਰੀ ਕਰ ਰਹੇ ਸਨ। ਸਬਰ ਰੱਖੋ, ਰੱਬ ਦਾ ਸ਼ੁਕਰ ਹੈ ਮੈਂ ਠੀਕ ਹਾਂ। ਅਸਲ ਵਿੱਚ ਪੋਪ ਫਰਾਂਸਿਸ ਦੀ ਜੁਲਾਈ ਵਿੱਚ ਸਰਜਰੀ ਹੋਈ ਸੀ, ਜਿਸ ਵਿੱਚ ਉਨ੍ਹਾਂ ਦੀ ਵੱਡੀ ਅੰਤੜੀ ਦਾ 33 ਸੈਂਟੀਮੀਟਰ (13 ਇੰਚ) ਹਿੱਸਾ ਕੱਢਿਆ ਗਿਆ ਸੀ। ਇਸ ਪਿੱਛੋਂ ਪੋਪ ਨੇ 12 ਤੋਂ 15 ਸਤੰਬਰ ਨੂੰ ਹੰਗਰੀ-ਸਲੋਵਾਕੀਆ ਦੀ ਯਾਤਰਾ ਕੀਤੀ ਸੀ, ਜੋ ਸਰਜਰੀ ਤੋਂ ਬਾਅਦ ਉਨ੍ਹਾਂ ਦੀ ਪਹਿਲੀ ਅੰਤਰਰਾਸ਼ਟਰੀ ਯਾਤਰਾ ਸੀ। ਪੋਪ ਦੇ 10 ਦਿਨ ਤੱਕ ਹਸਪਤਾਲਰਹਿਣ ਉੱਤੇ ਇਟਲੀ ਦਾ ਮੀਡੀਆ ਕਿਆਸ ਲਾਈ ਜਾਂਦਾ ਸੀ ਕਿ ਸ਼ਾਇਦ ਪੋਪ ਅਸਤੀਫਾ ਦੇ ਦੇਣਗੇ।

# ਪੰਜਾਬ ਦੀ ਚੰਨੀ ਸਰਕਾਰ ਨੇ ਤਿੰਨੇ ਵੱਡੇ ਸ਼ਹਿਰਾਂ ਦੇ ਪੁਲਿਸ ਕਮਿਸ਼ਨਰ ਬਦਲੇ

ਚੰਡੀਗੜ੍ਹ, 21 ਸਤੰਬਰ, (ਪੋਸਟ ਬਿਊਰੋ)- ਪੰਜਾਬ ਦੇਮੁੱਖ ਮੰਤਰੀ ਚਰਨਜੀਤ ਚੰਨੀ ਨੇ ਇੱਕ ਹੋਰ ਲਿਸਟ ਜਾਰੀ ਕਰਦੇ ਹੋਏ ਅੱਜ ਪੰਜਾਬ ਪੁਲਸ ਦੇ ਸੀਨੀਅਰ ਅਧਿਕਾਰੀਆਂ ਦੇ ਤਬਾਦਲੇ ਕਰਨ ਦਾ ਆਦੇਸ਼ ਦਿੱਤਾ ਹੈ।ਇਨ੍ਹਾਂ ਨਵੇਂ ਆਦੇਸ਼ਾਂ ਦੇ ਮੁਤਾਬਿਕ ਪੰਜਾਬ ਦੇ ਤਿੰਨਾਂ ਵੱਡੇ ਸ਼ਹਿਰਾਂ ਦੇ ਪੁਲਿਸ ਕਮਿਸ਼ਨਰ ਬਦਲ ਦਿੱਤੇ ਗਏ ਹਨ। ਅੱਜ ਜਾਰੀ ਹੋਏ ਨਵੇਂ ਆਦੇਸ਼ਾਂ ਅਨੁਸਾਰ ਨੌਨਿਹਾਲ ਸਿੰਘ ਜਲੰਧਰ ਦੇ ਪੁਲਿਸ ਕਮਿਸ਼ਨਰ ਬਣਾਏ ਗਏ ਹਨ, ਇਸ ਤੋਂ ਪਹਿਲਾਂ ਉਹ ਲੁਧਿਆਣਾ ਦੇ ਪੁਲਿਸ ਕਮਿਸ਼ਨਰ ਸਨ ਤੇ ਅੰਮ੍ਰਿਤਸਰ ਤੋਂ ਪਿਛਲੇ ਦਿਨੀਂ ਬਦਲ ਕੇ ਜਲੰਧਰ ਦੇ ਪੁਲਸ ਕਮਿਸ਼ਨਰ ਲਾਏ ਗਏ ਡਾ. ਸੁਖਚੇਨ ਸਿੰਘ ਨੂੰ ਫਿਰ ਅੰਮ੍ਰਿਤਸਰ ਕਮਿਸ਼ਨਰ ਲਾਇਆ ਹੈ। ਇਸ ਤੋਂ ਪਹਿਲਾਂ ਜਲੰਧਰ ਦੇ ਕਮਿਸ਼ਨਰ ਰਹੇ ਗੁਰਪ੍ਰੀਤ ਸਿੰਘ ਭੁੱਲਰ ਨੂੰ ਲੁਧਿਆਣਾ ਦਾ ਕਮਿਸ਼ਨਰ ਲਾਇਆ ਗਿਆ ਹੈ। ਪਿਛਲੇ ਦਿਨੀਂ ਅੰਮ੍ਰਿਤਸਰ ਦੇ ਪੁਲਸ ਕਮਿਸ਼ਨਰ ਲਾਏ ਗਏ ਵਿਕਰਮਜੀਤ ਦੁੱਗਲ ਕਮਿਸ਼ਨਰ, ਜਿਸ ਨੂੰ ਪੰਜਾਬ ਪੁਲਸ ਦੇਮੁਖੀ ਦਿਨਕਰ ਗੁਪਤਾ ਦੇ ਖਾਸ ਸਮਝਿਆ ਜਾਂਦਾ ਹੈ, ਨੂੰ ਚੰਨੀ ਸਰਕਾਰ ਨੇ ਕਮਿਸ਼ਨਰ ਦੇ ਅਹੁਦੇ ਤੋਂ ਹਟਾ ਦਿੱਤਾ ਹੈ।

## ਆੜ੍ਹਤੀ ਦਾ ਬੇਟਾ ਅਗਵਾ ਕਰਕੇ ਦੋ ਕਰੋੜ ਦੀ ਫਿਰੌਤੀ ਮੰਗੀ ਗਈ

ਹੁਸ਼ਿਆਰਪੁਰ, 21 ਸਤੰਬਰ (ਪੋਸਟ ਬਿਊਰੋ)- ਸਥਾਨਕ ਸਬਜ਼ੀ ਮੰਡੀ ਦੇ ਆੜ੍ਹਤੀ ਜੈਪਾਲ ਐਂਡ ਰਾਜਨ ਫਰੂਟ ਐਂਡ ਵੈਜ਼ੀਟੇਬਲ ਏਜੈਂਟਸ ਦੇ ਬੇਟੇ ਰਾਜਨ (21) ਨੂੰ ਕੁਝ ਅਣਪਛਾਤੇ ਲੋਕਾਂ ਨੇ ਅਗਵਾ ਕਰ ਲਿਆ ਅਤੇ ਦੋ ਕਰੋੜ ਰੁਪਏ ਦੀ ਫਿਰੌਤੀ ਦੀ ਮੰਗ ਕੀਤੀ ਹੈ। ਸੂਚਨਾ ਮਿਲਦੇ ਸਾਰ ਐਸ ਐਸ ਪੀ ਅਮਨੀਤ ਕੌਂਡਲ ਨੇ ਮੌਕੇ ਉੱਤੇ ਪਹੁੰਚ ਕੇ ਮਾਮਲੇ ਦੀ ਜਾਣਕਾਰੀ ਲਈ ਅਤੇ ਪੁਲਸ ਅਧਿਕਾਰੀਆਂ ਨੂੰ ਜਾਂਚ ਵਿੱਚ ਤੇਜ਼ੀ ਲਿਆਉਣ ਦੇ ਹੁਕਮ ਦਿੱਤੇ।

ਇਸ ਫਰਮ ਦਾ ਮਾਲਕ ਰਾਜਨ ਪੁੱਤਰ ਜਸਪਾਲ ਕੱਲ੍ਹ ਸਵੇਰੇ ਆਪਣੀ ਕਾਰ ਰਾਹੀਂ ਦੁਕਾਨ ਉੱਤੇ ਆਇਆ। ਅਜੇ ਉਹ ਕਾਰ ਵਿੱਚੋਂ ਉਤਰਿਆ ਸੀ ਕਿ ਦੂਜੀ ਕਾਰ ਉਥੇ ਆ ਕੇ ਰੁਕੀ, ਜੋ ਉਸਦਾ ਪਿੱਛਾ ਕਰ ਰਹੀ ਸੀ ਤੇ ਉਸ ਵਿੱਚੋਂ ਕੁੱਝ ਲੋਕ ਉਤਰੇ ਅਤੇ ਹਥਿਆਰਾਂ ਦੇ ਜ਼ੋਰ ਉੱਤੇ ਰਾਜਨ ਨੂੰ ਅਗਵਾ ਕਰ ਲਿਆ ਅਤੇ ਨਾਲ ਉਸਦੀ ਕਾਰ ਵੀ ਲੈ ਗਏ। ਸੂਚਨਾ ਮਿਲਣ ਉੱਤੇ ਰਾਜਨ ਦੇ ਪਰਵਾਰਕ ਮੈਂਬਰ ਅਤੇ ਹੋਰ ਆੜ੍ਹਤੀ ਪੁੱਜ ਗਏ ਅਤੇ ਪੁਲਸ ਨੂੰ ਸੂਚਨਾ ਦਿੱਤੀ ਗਈ।


**ਫਾਰਮ ਵਰਕਰ ਦੀ ਲੋੜ**

ਨਰਸਰੀ ਅਤੇ ਫਾਰਮਾਂ ਵਿਚ ਕੰਮ ਕਰਨ ਲਈ ਤੁਰੰਤ ਵਰਕਰਾਂ ਦੀ ਲੋੜ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰਾਂ ਉਤੇ ਸੰਪਰਕ ਕੀਤਾ ਜਾ ਸਕਦਾ ਹੈ।

**ਮੋਬਾਇਲ: ਪਰਮਿੰਦਰ ਗਰੇਵਾਲ 647-391-1000**
**ਬਲਵੀਰ ਸਰਪੰਚ 289-541-5384**

**ਲੇਡੀਜ਼ ਵਰਕਰ ਦੀ ਲੋੜ**

ਵਸਾਗਾ ਬੀਚ ਦੇ ਏਰੀਆ ਵਿਚ ਘਰ ਅਤੇ ਮੋਟਲ ਵਿਚ ਕਲੀਨਿੰਗ ਦਾ ਅਤੇ ਹੋਰ ਛੋਟੇ ਮੋਟੇ ਕੰਮ ਕਰਨ ਲਈ ਲੇਡੀਜ਼ ਵਰਕਰ ਦੀ ਲੋੜ ਹੈ। ਰਹਿਣ ਸਹਿਣ ਅਤੇ ਖਾਣ ਪੀਣ ਦੀ ਸਹੂਲਤ ਉਥੇ ਹੀ ਦਿੱਤੀ ਜਾਵੇਗੀ। ਤਨਖਾਹ ਬਾਰੇ ਅਤੇ ਹੋਰ ਜਾਣਕਾਰੀ ਲੈਣ ਲਈ ਕਾਲ ਕਰੋ :

**705-443-2556**


## ਆਸਟਰੇਲੀਆ-ਯੂਰਪੀ ਯੂਨੀਅਨ ਵਿਚਾਲੇ ਮੁਕਤ ਵਪਾਰ ਨਹੀਂ ਰੁਕੇਗਾ

ਕੈਨਬਰਾ, 21 ਸਤੰਬਰ (ਪੋਸਟ ਬਿਊਰੋ)- ਫਰਾਂਸੀਸੀ ਅਤੇ ਆਸਟਰੇਲੀਆਈ ਅਧਿਕਾਰੀਆਂ ਨੇ ਕਿਹਾ ਹੈ ਕਿ ਰੱਦ ਹੋਏ ਪਣਡੁੱਬੀ ਸਮਝੌਤੇ ਉੱਤੇ ਫਰਾਂਸ ਦੀ ਨਾਰਾਜ਼ਗੀ ਆਸਟਰੇਲੀਆ-ਯੂਰਪੀ ਯੂਨੀਅਨ(ਈ ਯੂ) ਮੁਕਤ ਵਪਾਰ ਸੌਦੇ ਦੀ ਰਾਹ ਦੀ ਰੁਕਾਵਟ ਨਹੀਂ ਬਣੇਗੀ ਅਤੇ ਇਹ ਕਾਰੋਬਾਰ ਪਹਿਲਾਂ ਵਾਂਗ ਚੱਲਦਾ ਰਹੇਗਾ।

ਪੈਰਿਸ ਤੋਂ ਦਿ ਬਾਲਟ ਨੇ ਆਪਣੀ ਰਿਪੋਰਟ ਵਿੱਚ ਦੱਸਿਆ ਕਿ ਇਸ ਸਮੇਂ ਆਸਟਰੇਲੀਆ ਅਤੇ ਯੂਰਪੀ ਯੂਨੀਅਨ ਵਿਚਾਲੇ ਮੁਕਤ ਵਪਾਰ ਬਾਰੇ ਸਬੰਧੀ ਸੌਦੇ ਬਾਰੇ ਗੱਲਬਾਤ ਜਾਰੀ ਹੈ। ਆਸਟਰੇਲੀਆ ਦਾ ਯੂਰਪੀ ਯੂਨੀਅਨਨਾਲ ਮੁਕਤ ਵਪਾਰ ਸਮਝੌਤੇ ਵਿੱਚ ਵੱਡਾ ਹਿੱਤ ਹੈ। ਆਸਟਰੇਲੀਆ ਨੂੰ ਇਸ ਦਾ ਵੱਡਾ ਲਾਭ ਹੋਵੇਗਾ। ਆਸਟਰੇਲੀਆ ਦੇ ਵਣਜ ਮੰਤਰੀ ਡੈਨ ਤੇਹਾਨ ਨੇ ਕਿਹਾ ਕਿ ਉਹ ਸਮਝੌਤੇ ਬਾਰੇ ਗੱਲਬਾਤ ਲਈ ਇੱਕ ਹਫਤੇ ਵਿੱਚ ਪੈਰਿਸ ਜਾਣਗੇ ਅਤੇ ਫਰਾਂਸ ਦੇ ਵਣਜ ਮੰਤਰੀ ਨਾਲ ਮੁਲਾਕਾਤ ਕਰਨਗੇ। ਉਨ੍ਹਾਂਉਸ ਰਿਪੋਰਟ ਦਾ ਖੰਡਨ ਕੀਤਾ ਹੈ, ਜਿਸ ਵਿੱਚ ਕਿਹਾ ਗਿਆ ਹੈ ਕਿ ਫਰਾਂਸ ਯੂਪਰੀ ਯੂਨੀਅਨ ਵਿੱਚ ਆਸਟਰੇਲੀਆ ਨਾਲ ਵਪਾਰ ਸੌਦੇ ਉਤੇ ਦਸਤਖਤ ਨਾ ਕਰਨ ਲਈ ਲਾਬਿੰਗ ਕਰ ਰਿਹਾ ਹੈ। ਵਪਾਰ ਸੌਦੇ ਉੱਤੇ 2018 ਤੋਂ ਇਹ ਸਮਝੌਤਾ ਪੈਂਡਿੰਗ ਹੈ।

ਵਰਨਣ ਯੋਗ ਹੈ ਕਿ ਪਿਛਲੇ ਹਫਤੇ ਅਮਰੀਕੀ ਰਾਸ਼ਟਰਪਤੀ ਜੋਅ ਬਾਇਡੇਨ ਨੇ ਆਸਟਰੇਲੀਆ ਤੇ ਬ੍ਰਿਟੇਨ ਸਮੇਤ ਇੱਕ ਨਵਾਂ ਗੱਠਜੋੜ ਬਣਨ ਤੋਂ ਬਾਅਦ ਇਹ ਐਲਾਨ ਕੀਤਾ ਸੀ ਕਿ ਉਨ੍ਹਾਂ ਦਾ ਦੇਸ਼ ਆਸਟੇਰਲੀਆਈ ਬੇੜੇ ਨੂੰ ਘੱਟ ਤੋਂ ਘੱਟ ਅੱਠ ਐਟਮੀ ਸ਼ਕਤੀ ਵਾਲੀਆਂ ਪਣਡੁੱਬੀਆਂ ਦੀ ਸਪਲਾਈ ਕਰੇਗਾ। ਇਸ ਫੈਸਲੇ ਤੋਂ ਨਾਰਾਜ਼ ਫਰਾਂਸ ਨੇ ਅਮਰੀਕਾ ਤੇ ਆਸਟਰੇਲੀਆ ਤੋਂ ਆਪਣੇ ਰਾਜਦੂਤਾਂ ਨੂੰ ਵਾਪਸ ਬੁਲਾ ਲਿਆ ਸੀ। ਇਸ ਸੌਦੇ ਨਾਲ ਫਰਾਂਸ ਸਰਕਾਰ ਦੇ ਵੱਡੀ ਹਿੱਸੇਦਾਰੀ ਵਾਲੇ ਅਤੇ ਸਰਕਾਰੀ ਮਾਲਕੀ ਵਾਲੇ ਸਮੁੰਦਰੀ ਫੌਜ ਦੇ ਗਰੁੱਪ ਦਾ ਆਸਟਰੇਲੀਆ ਲਈ ਰਵਾਇਤੀ ਡੀਜ਼ਲ-ਇਲੈਕਟ੍ਰਿਕ ਪਣਡੁੱਬੀ ਤਿਆਰ ਕਰਨ ਦਾ ਨੱਬੇ ਅਰਬ ਆਸਟਰੇਲੀਆਈ ਡਾਲਰ ਦਾ ਕਰਾਰ ਖਤਮ ਹੋ ਗਿਆ ਹੈ।


ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | Gyan Singh, |
| Office Admin | Sajandeep Singh |
| Graphic Designer | Angrez Singh |
| Photographer | Kanwaljit Singh Kanwal |
| Distributer<br>Marketing: | Aman Warraich<br>Sajandeep Singh |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.



**ਲੇਡੀ ਵਰਕਰ ਦੀ ਲੋੜ**

Best Western Hotel (Centennial & Eglinton) ਵਿਚ ਕਲੀਨਿੰਗ ਦਾ ਕੰਮ ਕਰਨ ਲਈ ਲੇਡੀ ਵਰਕਰ ਦੀ ਜ਼ਰੂਰਤ ਹੈ। ਡਿਊਟੀ ਦਾ ਸਮਾਂ 9-5:30 ਹੋਵੇਗਾ।

**ਹੈਂਡੀਮੈਨ ਦੀ ਲੋੜ**

ਪਲੰਬਿੰਗ, ਇਲੈਟ੍ਰੀਸ਼ੀਅਨ ਅਤੇ ਕੰਸਟ੍ਰਕਸ਼ਨ ਦਾ ਥੋੜਾ ਬਹੁਤ ਤਜਰਬਾ ਰੱਖਣ ਵਾਲੇ ਹੈਂਡੀਮੈਨ ਦੀ ਲੋੜ ਹੈ। ਤਨਖਾਹ ਹੋਵੇਗੀ $20-22/ਹਰ ਦਿੱਤੀ ਜਾਵੇਗੀ।

**ਸੰਪਰਕ: 416-816-1695**

ਕਾਲ ਕਰਨ ਦਾ ਸਮਾਂ ਸਵੇਰੇ 9 ਤੋਂ ਸ਼ਾਮ 7 ਵਜੇ ਤੱਕ



**ਖਿੜਕੀਆਂ ਅਤੇ ਦਰਵਾਜੇ ਲਗਵਾਓ** Free Estimates



ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ

**ਅਸੀਂ ਪੇਂਟ ਵੀ ਕਰਦੇ ਹਾਂ**

24 ਘੰਟੇ ਤੁਹਾਡੀ ਸੇਵਾ ਵਿੱਚ

**CANADIAN GLASS AND WINDOW**

SINGH (TOCHI)
416-454-3031
647-784-8240
Email: tochisangha1@hotmail.com


## ਡਾਕਟਰ ਦੀ ਪਤਨੀ ਤੋਂ ਮੋਟਰਸਾਈਕਲ ਸਵਾਰਾਂ ਨੇ 15 ਲੱਖ ਲੁੱਟੇ

ਜਲੰਧਰ, 21 ਸਤੰਬਰ (ਪੋਸਟ ਬਿਊਰੋ)- ਇਸ ਮਹਾਨਗਰ ਦੇ ਸ਼ਹੀਦ ਊਧਮ ਸਿੰਘ ਨਗਰ ਵਿੱਚ ਦੁਪਹਿਰ 3.15 ਵਜੇ ਡਾ. ਸੀ ਪੀ ਸਿੱਕਾ ਦੀ ਪਤਨੀ ਵਿਜੇ ਸਿੱਕਾ ਤੋਂ ਦੋ ਮੋਟਰਸਾਈਕਲ ਸਵਾਰ 15 ਲੱਖ ਰੁਪਏ ਦੀ ਨਕਦੀ ਦਾ ਥੈਲਾ ਲੁੱਟ ਕੇ ਫ਼ਰਾਰ ਹੋ ਗਏ, ਜਿਸ ਬਾਰੇ ਪੁਲਸ ਹਰ ਪੱਖ ਤੋਂ ਜਾਂਚ ਕਰ ਰਹੀ ਹੈ। ਸ਼ਹੀਦ ਊਧਮ ਸਿੰਘ ਨਗਰ ਦੀ ਵਸਨੀਕ 65 ਸਾਲ ਦੀ ਵਿਜੇ ਸਿੱਕਾ ਨੇ ਪੁਲਸ ਨੂੰ ਦੱਸਿਆ ਕਿ ਉਹ ਊਧਮ ਸਿੰਘ ਨਗਰ ਵਿੱਚ ਹੀ ਪੰਜਾਬ ਐਂਡ ਸਿੰਧ ਬੈਂਕ ਦੀ ਬ੍ਰਾਂਚ ਵਿੱਚ ਦੁਪਹਿਰ ਸਮੇਂ ਪੈਸੇ ਜਮ੍ਹਾਂ ਕਰਾਉਣ ਆਈ ਸੀ। ਬੈਂਕ ਨੇੜੇ ਜਦੋਂ ਉਸ ਨੇ ਕਾਰ ਵਿੱਚੋਂ ਉਤਰਨ ਤੋਂ ਬਾਅਦ ਗੱਡੀ ਵਿੱਚੋਂ ਪੈਸਿਆਂ ਵਾਲਾ ਥੈਲਾ ਬਾਹਰ ਕੱਢਿਆ ਤਾਂ ਉਥੇ ਪਹਿਲਾਂ ਤੋਂ ਮੌਜੂਦ ਦੋ ਮੋਟਰਸਾਈਕਲ ਸਵਾਰਾਂ ਨੇ ਉਸ ਦਾ ਥੈਲਾ ਖੋਹ ਲਿਆ। ਉਸ ਨੇ ਰੌਲਾ ਪਾਇਆ, ਪਰ ਦੋਵੇਂ ਮੋਟਰਸਾਈਕਲ ਸਵਾਰ ਫਰਾਰ ਹੋ ਗਏ। ਮੌਕੇ ਉੱਤੇ ਥਾਣਾ ਡਵੀਜ਼ਨ ਨੰਬਰ ਚਾਰ ਦੇ ਮੁੱਖੀ ਰਾਜੇਸ਼ ਕੁਮਾਰ ਪੁਲਸ ਪਾਰਟੀ ਤੇ ਸੀ ਆਈ ਏ ਸਟਾਫ਼ ਦੀਆਂ ਟੀਮਾਂ ਸਮੇਤ ਪੁਜੇ। ਵਾਰਦਾਤ ਨੂੰ ਹੱਲ ਕਰਨ ਲਈ ਇਲਾਕੇ ਦੇ ਸੀ ਸੀ ਟੀ ਵੀ ਕੈਮਰਿਆਂ ਦੀ ਜਾਂਚ ਕੀਤੀ ਜਾ ਰਹੀ ਹੈ ਤੇ ਲੁਟੇਰਿਆਂ ਦੀ ਭਾਲ ਸ਼ੁਰੂ ਕਰ ਦਿੱਤੀ ਗਈ ਹੈ।


**ਫਾਰਮਾਂ ਵਿਚ ਕੰਮ ਕਰਨ ਲਈ ਕਾਮਿਆਂ ਦੀ ਲੋੜ**

ਬਰੈਂਪਟਨ, ਮਿਸੀਸਾਗਾ, ਮਾਲਟਨ, ਮਿਲਟਨ, ਕੈਲੇਡਨ ਤੋਂ ਪਿਕਅਪ। ਵਧੀਆ ਤਨਖਾਹ ਦਿੱਤੀ ਜਾਵੇਗੀ।
ਸੰਪਰਕ: ਅਜੈਬ ਸਹੋਤਾ


**4165618882, 4164544587**



**ਜ਼ਰੂਰ ਜਾਣੋ; ਗਿਆਨ ਗੰਗਾ**

॥ ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ॥

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ

Sadhna : 11:00 Am - 12:00 PM
Ishwar : 10:00 Am- 11:00 AM
MH One: 4:30 AM- 5:30 AM
Lok Shahi: 8:25 AM - 9:25 AM
Nepal 1: 8:30 PM -9:30 PM
Subharti : 10:30 AM- 11:30 AM
जन तंत्र: 7:30 PM - 8:30 PM


ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:

satlokashramcanada@gmail.com
satsahibusa@gmail.com
647-739-4641
346-714-0224



ukttc UK TRUCK TRAINING CENTRE
PCC #179958
Registered as a Private Careers College

ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge



Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ

Forklift Training




ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।

We help in Written Test & in Finding Jobs

20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ

7542 Bath Rd, Mississauga, ON L4T 1L2, Off:905.673.7979 | OPEN 7 DAYS uktruck1@gmail.com | Jitpal Singh Deol 647-204-1936



BEST CANADIAN TRUCK & FORKLIFT TRAINING CENTRE

Registered as a Private Career College Under the Private Career College Act. 2005



- AZ Tractor trailer program
- Manual transmission & backup training everyday
- We welcome welfare workers & compensation clients

Open Seven Days

Forklift Re-Certification Only $79.00/-




Karnail Singh

416.670.3173 | 905.799.7333
27 Edvac Dr, Brampton, ON L6S 5X8



# ਪੰਜਾਬ ਪਾਵਰਕਾਮ ਨੇ ਕੋਲੇ ਦਾ ਕੇਸ ਜਿੱਤਿਆ, ਸਸਤੀ ਬਿਜਲੀ ਮਿਲਣ ਦੀ ਆਸ ਜਾਗੀ

ਪਟਿਆਲਾ, 21 ਸਤੰਬਰ, (ਪੋਸਟ ਬਿਊਰੋ)- ਪੰਜਾਬ ਵਿਚ ਬਿਜਲੀ ਗਾਹਕਾਂ ਨੂੰ ਪ੍ਰਤੀ ਯੂਨਿਟ ਬਿਜਲੀ ਖਰਚੇ ਦੇ ਪੱਖ ਤੋਂ ਅਗਲੇ ਦਿਨਾਂ ਵਿਚ ਕੁਝ ਰਾਹਤ ਮਿਲ ਸਕਦੀ ਹੈ, ਕਿਉਂਕਿ ਪੰਜਾਬ ਪਾਵਰਕਾਮ ਨੇ ਸੁਪਰੀਮ ਕੋਰਟ ਵਿੱਚ ਕੋਲਾ ਖਾਣਾਂ ਦਾ ਇੱਕ ਕੇਸ ਜਿੱਤ ਲਿਆ ਹੈ, ਜਿਸ ਦੇ ਬਾਅਦ ਸਸਤਾ ਕੋਲ ਮਿਲਣ ਲੱਗ ਸਕਦਾ ਹੈ।




ਅਸਲ ਵਿੱਚ ਭਾਰਤ ਦੀ ਸੁਪਰੀਮ ਕੋਰਟ ਨੇ ਪਛਵਾੜਾ ਕੋਲਾ ਖਾਨ ਬਾਰੇ ਫੈਸਲਾ ਪੰਜਾਬ ਪਾਵਰਕਾਮ ਦੇ ਪੱਖ ਵਿਚ ਦੇਦਿੱਤਾ ਹੈ। ਇਸ ਨਾਲ ਪੰਜਾਬ ਪਾਵਰਕਾਮ ਸਸਤੇ ਭਾਅ ਉੱਤੇ ਕੋਲਾ ਖ਼ਰੀਦ ਸਕੇਗੀ ਅਤੇ ਸਸਤੇ ਕੋਲੇ ਦੇ ਕਾਰਨ ਵਾਧੂ ਖਰਚ ਘਟਣ ਨਾਲ ਬਿਜਲੀ ਸਸਤੀ ਹੋ ਸਕੇਗੀ। ਪਾਵਰਕਾਮ ਅਧਿਕਾਰੀਆਂ ਦੇ ਮੁਤਾਬਕ ਪਛਵਾੜਾ ਕੋਲਾ ਖਾਨ ਵਿੱਚੋਂ ਕੋਲੇ ਦੀ ਅਲਾਟਮੈਂਟ ਮਿਲਣ ਪਿੱਛੋਂ ਪੰਜਾਬ ਵਿਚ ਨਵੇਂ ਪਾਵਰ ਪਲਾਂਟ ਲਾਉਣ ਦਾ ਫ਼ੈਸਲਾ ਕੀਤਾ ਗਿਆ ਸੀ ਤਾਂ ਜੋ ਸਸਤੇ ਕੋਲੇ ਦਾ ਲਾਭ ਪੰਜਾਬ ਦੇ ਲੋਕਾਂ ਨੂੰ ਮਿਲ ਸਕੇ, ਪਰ ਇਸੇ ਦੌਰਾਨ ਇਕ ਹੋਰ ਕੰਪਨੀ ਨਾਲ ਵਿਵਾਦ ਹੋ ਗਿਆ ਸੀ, ਜਿਸ ਕਾਰਨ ਪਾਵਰਕੌਮ ਨੂੰ ਸਾਲਾਨਾ 600 ਤੋਂ 700 ਕਰੋੜ ਰੁਪਏ ਤਕ ਬੱਚਤ ਹੋਣ ਦੀ ਜਿਹੜੀ ਆਸ ਸੀ, ਉਹ ਨਹੀਂ ਸੀ ਹੋ ਸਕੀ ਤੇ ਮਹਿੰਗੇ ਕੋਲੇ ਕਾਰਨ ਪੰਜਾਬ ਦੇ ਲੋਕਾਂ ਨੂੰ ਬਿਜਲੀ ਦੇ ਵੱਧ ਪੈਸੇ ਦੇਣੇ ਪੈਂਦੇ ਸਨ।

ਵਰਨਣ ਯੋਗ ਹੈ ਕਿ ਜੁਲਾਈ 2018 ਵਿਚ ਪੰਜਾਬ ਹਰਿਆਣਾ ਹਾਈ ਕੋਰਟ ਨੇ ਇੱਕ ਹੋਰ ਕੰਪਨੀ ਦੇ ਪੱਖ ਵਿਚ ਫ਼ੈਸਲਾ ਕਰ ਦਿੱਤਾ ਸੀ, ਜਿਸ ਤੋਂ ਬਾਅਦ ਪਾਵਰਕਾਮ ਨੇ ਪਟੀਸ਼ਨ ਦਾਇਰ ਕੀਤੀ ਤਾਂਪਾਵਰਕਾਮ ਨੂੰ ਕਿਸੇ ਹੋਰ ਖਾਨ ਤੋਂ ਅਲਾਟਮੈਂਟ ਫਿਰਕਰ ਦਿੱਤੀ ਗਈ ਸੀ। ਸਾਲ 2000 ਤਕ ਉਸ ਸਮੇਂ ਪੰਜਾਬ ਰਾਜ ਬਿਜਲੀ ਬੋਰਡ ਦਾ ਖਾਨ ਵਿਚ 26 ਫੀਸਦੀ ਤੇ ਦੂਸਰੀ ਕੰਪਨੀ ਦਾ ਹਿੱਸਾ 74 ਫੀਸਦੀ ਸੀ, ਪਰ ਪੰਜਾਬ ਪਛਵਾੜਾ ਕੋਲਾ ਮਾਈਨ ਦੀ ਅਲਾਟਮੈਂਟ ਲਈ ਕਈ ਸਾਲਾਂ ਤੋਂ ਜੱਦੋ ਜਹਿਦ ਕਰਰਿਹਾ ਸੀ। ਫਰਵਰੀ 2019 ਵਿਚ ਅਦਾਲਤ ਨੇ ਏਮਟਾ ਕੰਪਨੀ ਵੱਲੋਂ ਦਾਅਵਾ ਇਸ ਆਧਾਰ ਉੱਤੇ ਰੱਦ ਕਰ ਦਿੱਤਾ ਕਿ ਪਾਵਰ ਕਾਰਪੋਰੇਸ਼ਨ ਨੇ ਪਿਛਲੇ ਅਲਾਟੀਆਂ ਨਾਲ ਮੌਜੂਦਾ ਸਮਝੌਤੇਬਾਰੇ ਅਧਿਕਾਰ ਛੱਡਦਿੱਤਾ ਸੀ ਤੇ ਕਾਰਪੋਰੇਸ਼ਨ ਨੇ ਇਕ ਪ੍ਰਤੀਯੋਗੀ ਬੋਲੀ ਰਾਹੀਂ ਇਕ ਆਪਰੇਟਰ ਦੀ ਚੋਣ ਕਰਨ ਦਾ ਫੈਸਲਾ ਕੀਤਾ ਹੈ। ਇਸ ਨਾਲ ਪਛਵਾੜਾ ਕੋਲਾ ਖਾਨਾਂ ਦੀ ਪਾਵਰਕਾਮ ਨੂੰ ਮੁੜ ਅਲਾਟਮੈਂਟ ਦਾ ਰਸਤਾ ਸਾਫ਼ ਹੋ ਗਿਆ ਸੀ।

ਐਮਟਾ ਕੰਪਨੀ ਨੇ ਇਸ ਫੈਸਲੇ ਨੂੰ ਫਿਰ ਚੁਣੌਤੀ ਦਿੱਤੀ ਅਤੇ ਹਾਈ ਕੋਰਟ ਦੇ ਡਵੀਜ਼ਨ ਬੈਂਚ ਨੇ ਆਖਰ ਇਸ ਦੇ ਪੱਖ ਵਿਚ ਫੈਸਲਾ ਕਰ ਦਿੱਤਾ ਸੀ, ਪਰ ਇਸ ਪਿੱਛੋਂ ਪੀਐਸਪੀਸੀਐਲ (ਪੰਜਾਬ ਪਾਵਰਕਾਮ ਲਿਮਿਟਿਡ) ਨੇ ਸੁਪਰੀਮ ਕੋਰਟ ਵਿਚ ਫਿਰ ਪਟੀਸ਼ਨ ਦਾਇਰ ਕਰ ਦਿੱਤੀ ਸੀ, ਜਿਸ ਨੇ ਬੀਤੇ ਮੰਗਲਵਾਰ ਪਾਵਰਕਾਮ ਦੇ ਹੱਕ ਵਿਚ ਫੈਸਲਾ ਸੁਣਾ ਕੇ ਇਸ ਨੂੰ ਮਾਈਨਿੰਗ ਕਾਰਜਾਂ ਦੀ ਮੁੜ ਵੰਡ ਲਈ ਤਾਜ਼ਾ ਬੋਲੀ ਕਰਵਾਉਣ ਦੀ ਮਨਜ਼ੂਰੀ ਦੇ ਦਿੱਤੀ ਹੈ।

# ਕੈਪਟਨ ਵੱਲੋਂ ਕਾਂਗਰਸ ਵਿੱਚ ਲਿਆਂਦੇ ਸੁਖਪਾਲ ਖਹਿਰਾ ਦੇ ਗਰੁੱਪ ਦੇ ਵਿਧਾਇਕਾਂ ਦਾ ਕੀ ਬਣੇਗਾ?

ਲੁਧਿਆਣਾ, 21 ਸਤੰਬਰ (ਪੋਸਟ ਬਿਊਰੋ)- ਕੈਪਟਨ ਅਮਰਿੰਦਰ ਸਿੰਘ ਭਾਵੇਂਸਿਆਸਤ ਜਾਰੀ ਰੱਖਣ ਦਾ ਦਾਅਵਾ ਕਰ ਚੁੱਕੇ ਹਨ, ਪਰ ਪੰਜਾਬ ਕਾਂਗਰਸ ਵਿੱਚਉਨ੍ਹਾਂ ਦੀ ਚੌਧਰ ਵਾਲਾ ਯੁੱਗ ਪੁੱਟ ਲੱਗਭਗ ਗਿਆ ਲਗਦਾ ਹੈ, ਜਿਸ ਕਾਰਨ ਆਮ ਆਦਮੀ ਪਾਰਟੀ ਦੇ ਉਨ੍ਹਾਂ ਵਿਧਾਇਕਾਂ ਦੇ ਸਿਆਸੀ ਭਵਿੱਖ ਬਾਰੇ ਸਵਾਲ ਉੱਠ ਪਿਆ ਹੈ, ਜਿਨ੍ਹਾਂ ਨੂੰ ਕੈਪਟਨ ਅਮਰਿੰਦਰ ਸਿੰਘ ਨੇ ਪਿਛਲੇਰੇ ਮਹੀਨੇ ਕਾਂਗਰਸ ਵਿੱਚ ਸ਼ਾਮਲ ਕਰਵਾਇਆ ਸੀ। ਆਮ ਆਦਮੀ ਪਾਰਟੀ ਵਿੱਚੋਂ ਨਿੱਖੜੇ ਹੋਏ ਇਨ੍ਹਾਂ ਵਿਧਾਇਕਾਂ ਸੁਖਪਾਲ ਸਿੰਘ ਖਹਿਰਾ, ਜਗਦੇਵ ਸਿੰਘ ਕਮਾਲੂ, ਪਿਰਮਲ ਸਿੰਘ ਖਾਲਸਾ ਅਤੇ ਨਾਜ਼ਰ ਸਿੰਘ ਮਾਨਸ਼ਾਹੀਆ ਵਿੱਚੋਂ ਸੁਖਪਾਲ ਸਿੰਘ ਖਹਿਰਾ ਪੁਰਾਣੇ ਕਾਂਗਰਸੀ ਹਨ ਤੇ ਆਸ ਰੱਖਦੇ ਹਨ ਕਿ ਭੁਲੱਥ ਸੀਟ ਉੱਤੇ ਕੋਈ ਵੱਡਾ ਦਆਵੇਦਾਰ ਨਾ ਹੋਣ ਕਾਰਨ ਉਨ੍ਹਾਂ ਨੂੰ ਟਿਕਟ ਮਿਲਣ ਵਿੱਚਖਾਸ ਮੁਸ਼ਕਲ ਨਹੀਂ ਹੋਵੇਗੀ, ਪਰ ਬਾਕੀ ਤਿੰਨੇ ਜਣੇ ਜਿਨ੍ਹਾਂ ਸੀਟਾਂਤੋਂ ਜਿੱਤੇ ਸਨ, ਓਥੇ ਕਾਂਗਰਸ ਦੇ ਸਾਬਕਾ ਵਿਧਾਇਕ ਜਾਂ ਹੋਰ ਮਜ਼ਬੂਤ ਦਾਅਵੇਦਾਰ ਸਰਗਰਮ ਹਨ। ਲੀਡਰ ਸ਼ਿਪ ਵਿੱਚ ਬਦਲਾਅ ਪਿੱਛੋਂਉਨ੍ਹਾਂ ਦਾਅਵੇਦਾਰਾਂ ਦੀ ਆਪਣੀ ਟਿਕਟ ਪੱਕੀ ਕਰਨ ਦੀ ਕੋਸ਼ਿਸ਼ ਤੇਜ਼ ਹੋ ਗਈ ਹੈ। ਇਸ ਦੌਰਾਨ ਆਮ ਆਦਮੀ ਪਾਰਟੀ ਤੋਂ ਆਏ ਵਿਧਾਇਕਾਂ ਨੂੰ ਅਗਲੀਆਂ ਵਿਧਾਨ ਸਭਾ ਚੋਣਾਂ ਦੇ ਲਈ ਟਿਕਟ ਮਿਲਣ ਦੀ ਸੰਭਾਵਨਾ ਪਿਛਲੇ ਕੁਝ ਦਿਨਾਂ ਦੇ ਘਟਨਾਚੱਕਰ ਕਾਰਨ ਧੁੰਦਲੀ ਹੋ ਗਈ ਹੈ। ਇਸ ਦੌਰਾਨ ਪੰਜਾਬ ਕਾਂਗਰਸ ਦੇ ਵਰਕਿੰਗ ਪ੍ਰਧਾਨ ਕੁਲਜੀਤ ਸਿੰਘ ਨਾਗਰਾ ਵੱਲੋਂ ਨਵਜੋਤ ਸਿੱਧੂ ਦੀ ਪ੍ਰੈਸ ਕਾਨਫਰੰਸ ਦੌਰਾਨ ਜਗਦੇਵ ਸਿੰਘ ਕਮਾਲੂ ਨੂੰ ਕੁਰਸੀ ਉੱਤੇ ਬੈਠਣ ਤੋਂ ਰੋਕਣ ਦਾ ਮਾਮਲਾ ਵੀ ਖਾਸ ਚਰਚਾ ਦਾ ਮੁੱਦਾ ਹੈ। ਇਸ ਤੋਂ ਬਿਨਾਂ ਇਨ੍ਹਾਂ ਵਿਧਾਇਕਾਂ ਨੂੰ ਕਾਂਗਰਸ ਵਿਧਾਇਕ ਦਲ ਦੀ ਬੈਠਕ ਵਿੱਚ ਸ਼ਾਮਲ ਹੋਣ ਤੋਂ ਰੋਕਣ ਦੀ ਵੀ ਚਰਚਾ ਹੈ। ਉਂਜ ਉਹ ਇਸ ਸਭ ਤੋਂ ਬਾਅਦ ਵੀ ਕਾਂਗਰਸ ਦੀਆਂ ਗਤੀਵਿਧੀਆਂ ਵਿੱਚਦਿਖਾਈ ਦੇ ਰਹੇ ਹਨ ਅਤੇ ਨਵੇਂ ਮੁੱਖ ਮੰਤਰੀ ਚਰਨਜੀਤ ਚੰਨੀ ਨੂੰ ਵਧਾਈ ਵੀ ਦਿੱਤੀ ਹੈ, ਫਿਰ ਵੀ ਪਾਰਟੀ ਦੇ ਆਗੂਆਂ ਨੇ ਉਨ੍ਹਾਂ ਪ੍ਰਤੀ ਆਪਣਾ ਰਵੱਈਆ ਨਹੀਂ ਬਦਲਿਆ।




# ਬਰਗਾੜੀ ਦੇ ਬੇਅਦਬੀ ਕਾਂਡ ਤੋਂ ਪਹਿਲਾਂ ਇਤਰਾਜ਼ਯੋਗ ਪੋਸਟਰ ਲਾਉਣ ਦੇ ਦੋਸ਼ੀ ਸ਼ਕਤੀ ਸਿੰਘ ਨੂੰ ਰਾਹਤ

## * ਅਗਲੀ ਸੁਣਵਾਈ 24 ਸਤੰਬਰ ਤੱਕ ਮੁਲਤਵੀ

ਫਰੀਦਕੋਟ, 21 ਸਤੰਬਰ, (ਪੋਸਟ ਬਿਊਰੋ)- ਅਕਾਲੀ-ਭਾਜਪਾ ਸਰਕਾਰ ਦੌਰਾਨ ਜ਼ਿਲਾ ਫਰੀਦਕੋਟ ਦੇ ਬੁਰਜ ਜਵਾਹਰ ਸਿੰਘ ਵਾਲਾ ਪਿੰਡ ਦੇ ਗੁਰਦਵਾਰਿਆਂ ਦੀਆਂ ਕੰਧਾਂ ਉੱਤੇ 24-25 ਸਤੰਬਰ 2015 ਦੀ ਦਰਮਿਆਨੀ ਰਾਤ ਨੂੰ ਇਤਰਾਜ਼ਯੋਗ ਪੋਸਟਰ ਲਾਉਣ ਦੇ ਕੇਸ ਵਿੱਚ ਜੁਡੀਸ਼ੀਅਲ ਮੈਜਿਸਟ੍ਰੇਟ ਮੈਡਮ ਤਰਜਨੀ ਦੀ ਅਦਾਲਤ ਨੇ ਮੁਲਜ਼ਮ ਸ਼ਕਤੀ ਸਿੰਘ ਨੂੰ ਹਾਜ਼ਰੀ ਤੋਂ ਛੋਟ ਦਿੰਦਿਆਂ 24 ਸਤੰਬਰ ਤਕ ਸੁਣਵਾਈ ਮੁਲਤਵੀ ਕਰ ਦਿੱਤੀ ਹੈ।

ਮਿਲੀ ਜਾਣਕਾਰੀ ਅਨੁਸਾਰ ਇਸ ਕੇਸ ਵਿੱਚਚਾਰਜ ਲਾਉਣ ਦੇ ਮੁੱਦੇਉੱਤੇ ਬਹਿਸ ਲਈ ਡੇਰਾ ਪ੍ਰੇਮੀ ਸੁਖਜਿੰਦਰ ਸਿੰਘ ਉਰਫ ਸੰਨੀ ਕੰਡਾ, ਨਿਸ਼ਾਨ ਸਿੰਘ, ਰਣਜੀਤ ਸਿੰਘ ਭੋਲਾ, ਪ੍ਰਦੀਪ ਕੁਮਾਰ, ਬਲਜੀਤ ਸਿੰਘ ਤਾਂ ਅਦਾਲਤ ਵਿੱਚ ਪੇਸ਼ ਹੋਏ, ਪਰ ਸ਼ਕਤੀ ਸਿੰਘ ਪੇਸ਼ ਨਹੀ ਹੋਇਆ। ਉਸ ਦੇ ਵਕੀਲ ਨੇ ਉਸ ਦੀ ਹਾਜ਼ਰੀਤੋਂ ਛੋਟ ਲਈ ਅਦਾਲਤ ਵਿੱਚ ਅਰਜ਼ੀ ਦਿੱਤੀ ਤਾਂ ਅਦਾਲਤ ਨੇ ਛੋਟ ਦੇ ਦਿੱਤੀ ਹੈ। ਵਰਨਣ ਯੋਗ ਹੈ ਕਿ ਪਿੰਡ ਬੁਰਜ ਜਵਾਹਰ ਸਿੰਘ ਵਾਲਾ ਤੋਂ 1 ਜੂਨ 2015 ਨੂੰ ਦਿਨ ਦਿਹਾੜੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਚੋਰੀ ਕਰਕੇ ਪਿੰਡ ਬਰਗਾੜੀ ਅਤੇ ਬੁਰਜ ਜਵਾਹਰ ਸਿੰਘ ਵਾਲਾ ਵਿੱਚ ਇਤਰਾਜ਼ਯੋਗ ਪੋਸਟਰ ਲਾਉਣ ਅਤੇ ਅਪਮਾਨਜਨਕ ਭਾਸ਼ਾ ਵਰਤਣਕਾਰਨ ਥਾਣਾ ਬਾਜਾਖਾਨਾ ਵਿਖੇ ਕੇਸ ਨੰਬਰ 117/ 2015 ਤੇ ਕੇਸ ਨੰਬਰ 128/2015 ਦਰਜ ਹੋਇਆ ਸੀ। ਇਨ੍ਹਾਂ ਤਿੰਨਾਂ ਕੇਸਾਂ ਦੀ ਜਾਂਚ ਕਰਨ ਲਈ ਪੰਜਾਬ ਸਰਕਾਰ ਨੇ ਐੱਸ ਪੀ ਐੱਸ ਪਰਮਾਰ ਆਈ ਜੀ ਬਾਰਡਰ ਰੇਂਜ ਅਤੇ ਏਆਈਜੀ ਡਾਰਟਰ ਰਜਿੰਦਰ ਸਿੰਘ ਸੋਹਲ ਦੀ ਅਗਵਾਈ ਵਿੱਚ ਇਕ ਵਿਸ਼ੇਸ਼ ਜਾਂਚ ਟੀਮ (ਐੱਸਆਈਟੀ) ਬਣਾਈ ਸੀ, ਜਿਸ ਨੇ ਜਾਂਚ ਵਿੱਚ ਛੇ ਡੇਰਾ ਪ੍ਰੇਮੀਆਂ ਸੁਖਜਿੰਦਰ ਸਿੰਘ ਉਰਫ ਸੰਨੀ ਕੰਡਾ, ਨਿਸ਼ਾਨ ਸਿੰਘ, ਰਣਜੀਤ ਸਿੰਘ ਭੋਲਾ, ਪ੍ਰਦੀਪ ਕੁਮਾਰ, ਬਲਜੀਤ ਸਿੰਘ ਤੇ ਸ਼ਕਤੀ ਸਿੰਘ ਨੂੰ 16 ਮਈ ਨੂੰ ਪਾਵਨ ਸਰੂਪ ਦੇ ਅੰਗ ਗਲੀਆਂ ਵਿੱਚ ਖਿਲਾਰਨ ਤੇ ਇਤਰਾਜ਼ਯੋਗ ਪੋਸਟਰ ਲਾਉਣ ਦੇ ਦੋਸ਼ ਵਿੱਚ ਗ੍ਰਿਫਤਾਰ ਕਰਕੇ ਅਦਾਲਤ ਵਿੱਚ ਪੇਸ਼ ਕੀਤਾਸੀ। ਅਗਲੀ ਪੇਸ਼ੀ 24 ਸਤੰਬਰ ਨੂੰ ਹੋਵੇਗੀ।

# ਕੌਣ ਬਣੇਗਾ ਮੰਤਰੀ: ਪੰਜਾਬ ਵਿੱਚ ਨਵੇਂ ਮੰਤਰੀ ਮੰਡਲ ਲਈ ਜੋੜ-ਤੋੜ ਸ਼ੁਰੂ, ਦੋ ਵਜ਼ੀਰਾਂ ਦੀ ਛਾਂਟੀ ਦੀ ਚਰਚਾ

## * ਕੈਪਟਨ ਦੇ ਨੇੜੂਆਂ ਨੂੰ ਛਾਂਗਾ ਲੱਗੇਗਾ

ਚੰਡੀਗੜ੍ਹ, 21 ਸਤੰਬਰ (ਪੋਸਟ ਬਿਊਰੋ)- ਪੰਜਾਬ ਦੇ ਨਵੇਂ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਵੱਲੋਂ ਸਹੁੰ ਚੁੱਕੇ ਜਾਣ ਦੇ ਬਾਅਦ ਨਵੀਂ ਮੰਤਰੀ ਮੰਡਲ ਲਈ ਸਿਆਸੀ ਜੋੜ-ਤੋੜ ਸ਼ੁਰੂ ਹੋ ਗਏ ਹਨ।

ਪਤਾ ਲੱਗਾ ਹੈ ਕਿ ਕਾਂਗਰਸ ਹਾਈਕਮਾਨ ਨੇ ਰਾਤੋ-ਰਾਤ ਜਿਸ ਤਰ੍ਹਾਂ ਬ੍ਰਹਮ ਮਹਿੰਦਰਾ ਨੂੰ ਡਿਪਟੀ ਮੁੱਖ ਮੰਤਰੀ ਬਣਾਉਣ ਤੋਂ ਪਾਸਾ ਵੱਟਿਆ ਹੈ, ਉਸ ਤੋਂ ਸਾਫ ਸੰਕੇਤ ਮਿਲ ਗਏ ਹਨ ਕਿ ਨਵੇਂ ਮੰਤਰੀ ਮੰਡਲਵਿੱਚ ਕੈਪਟਨ ਅਮਰਿੰਦਰ ਸਿੰਘ ਦੇ ਨੇੜੂਆਂ ਨੂੰ ਬਹੁਤ ਥਾਂ ਨਹੀਂ ਮਿਲੇਗੀ। ਬ੍ਰਹਮ ਮਹਿੰਦਰਾ ਬਾਰੇ ਕਿਹਾ ਜਾਂਦਾ ਹੈ ਕਿ ਉਸ ਨੂੰ ਪੰਜਾਬ ਵਿਧਾਨ ਸਭਾ ਦਾ ਸਪੀਕਰ ਬਣਾਇਆ ਜਾ ਸਕਦਾ ਹੈ ਅਤੇ ਉਨ੍ਹਾਂ ਦੀ ਥਾਂ ਕੈਬਨਿਟ ਵਿੱਚ ਹੋਰ ਚਿਹਰਾ ਸ਼ਾਮਲ ਕੀਤਾ ਜਾਵੇਗਾ। ਮਹਿੰਦਰਾ ਇਸ ਤਬਦੀਲ ਵਿੱਚ ਬੇਇੱਜ਼ਤੀ ਮਹਿਸੂਸ ਕਰ ਰਹੇ ਹਨ, ਕਿਉਂਕਿ ਪਟਿਆਲਾ ਹਲਕੇ ਵਿੱਚ ਉਨ੍ਹਾ ਨੂੰ ਉਪ ਮੁੱਖ ਮੰਤਰੀ ਬਣਾਉਣ ਉੱਤੇ ਵਧਾਈ ਫਲੈਕਸ ਵੀ ਲੱਗ ਗਏ ਸਨ, ਜਿਹੜੇ ਬਾਅਦ ਵਿੱਚ ਲਾਹੇ ਗਏ ਹਨ। ਨਵੀਂ ਮੰਤਰੀ ਮੰਡਲਵਿੱਚੋਂ ਮੁੱਖ ਮੰਤਰੀ ਦਾ ਅਹੁਦਾ ਦਲਿਤ ਤੇ ਸਿੱਖ ਚਿਹਰੇ ਨੂੰ ਮਿਲਿਆ ਹੈ ਅਤੇ ਇਹ ਇਹ ਅਹੁਦਾ ਹੁਣ ਪੁਆਧ ਦੇ ਇਲਾਕੇ ਵਿੱਚ ਚਲਾ ਗਿਆ ਹੈ, ਡਿਪਟੀ ਮੁੱਖ ਮੰਤਰੀ ਦੇ ਦੋਵੇਂ ਹੀ ਮਾਝੇ ਵਿੱਚੋਂ ਹਨ। ਪੰਜਾਬ ਕਾਂਗਰਸ ਦੀ ਪ੍ਰਧਾਨਗੀ ਪਟਿਆਲੇਕੋਲ ਹੈ।ਮਾਲਵਾ ਖਿੱਤੇ ਦਾ ਸਰਕਾਰ ਵਿੱਚ ਹਮੇਸ਼ਾ ਦਬਦਬਾ ਰਿਹਾ ਹੈ, ਪਰ ਨਵੀਂ ਸਰਕਾਰ ਵਿੱਚ ਓਥੋਂ ਕਿੰਨੇ ਮੰਤਰੀ ਹੋਣਗੇ, ਇਸ ਦੀ ਗਿਣਤੀ ਅਜੇ ਪਤਾ ਨਹੀਂ। ਦੱਸਿਆ ਜਾਂਦਾ ਹੈ ਕਿ ਮਾਲਵੇ ਵਿੱਚੋਂ ਦੋ ਵਜ਼ੀਰਾਂ ਦੀ ਛੁੱਟੀ ਹੋ ਸਕਦੀ ਹੈ, ਜੋ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਬਾਹਲੇ ਕਰੀਬੀ ਹਨ। ਨਵੇਂ ਮੰਤਰੀ ਮੰਡਲ ਵਿੱਚ ਦਲਿਤ ਚਿਹਰਾ ਕਿਸੇ ਨੌਜਵਾਨ ਨੂੰ ਮੰਨ ਕੇ ਮੌਕਾ ਦਿੱਤਾ ਜਾ ਸਕਦਾ ਹੈ। ਵਿਧਾਨ ਸਭਾ ਚੋਣਾਂ ਵਿੱਚ ਬਹੁਤਾ ਸਮਾਂ ਨਾ ਹੋਣ ਕਰ ਕੇ ਨਵੇਂ ਮੰਤਰੀ ਮੰਡਲਨੂੰ ਸਾਫ ਦਿੱਖ ਦੇਣ ਦੀ ਕੋਸ਼ਿਸ਼ ਵੀ ਕੀਤੀ ਜਾਵੇਗੀ ਅਤੇ ਹਰ ਵਰਗ ਅਤੇ ਭਾਈਚਾਰੇ ਨੂੰ ਨੁਮਾਇੰਦਗੀ ਵੀ ਦੇਣੀ ਪਵੇਗੀ। ਬਹੁਤੇ ਪੁਰਾਣੇ ਵਜ਼ੀਰ ਰਹਿਣਗੇ, ਪਰ ਕਾਂਗਰਸ ਦੇ ਜਨਰਲ ਸਕੱਤਰ ਪਰਗਟ ਸਿੰਘ ਨੂੰ ਵਜ਼ੀਰੀ ਮਿਲਣ ਦੀ ਪੂਰੀ ਆਸ ਹੈ।

# ਸਾਂਪਲਾ ਬਾਰੇ ਅਪਮਾਨ ਜਨਕ ਟਿੱਪਣੀ ਕਰਨ ਵਾਲਾ ਥਾਣਾ ਇੰਚਾਰਜ ਲਾਈਨ ਹਾਜ਼ਰ

ਜਲੰਧਰ, 21 ਸਤੰਬਰ (ਪੋਸਟ ਬਿਊਰੋ)- ਥਾਣਾ ਭਾਰਗੋ ਕੈਂਪ ਇਲਾਕੇ ਵਿੱਚ ਕੱਲ੍ਹ ਰਾਤ ਓਦੋਂ ਹੰਗਾਮਾ ਹੋਇਆ, ਜਦੋਂ ਭਾਜਪਾ ਨੇਤਾ ਅਤੇ ਭਾਰਤ ਦੇ ਅਨੁਸੂਚਿਤ ਜਾਤੀ ਕਮਿਸ਼ਨ ਦੇ ਚੇਅਰਮੈਨ ਵਿਜੈ ਸਾਂਪਲਾ ਉੱਤੇ ਅਪਮਾਨ ਜਨਕ ਟਿੱਪਣੀ ਦਾ ਦੋਸ਼ ਲਗਾਉਂਦੇ ਹੋਏ ਪਾਰਟੀ ਵਰਕਰਾਂ ਨੇ ਥਾਣੇ ਦੇ ਬਾਹਰ ਸੜਕ ਉਪਰ ਧਰਨਾ ਦੇ ਦਿੱਤਾ।

ਪ੍ਰਦਰਸ਼ਨਕਾਰੀ ਦੋਸ਼ ਲਾ ਰਹੇ ਸਨ ਕਿ ਥਾਣਾ ਇੰਚਾਰਜ ਅਜੈਬ ਸਿੰਘ ਔਜਲਾ ਨੇ ਭਾਜਪਾ ਕਾਰਕੁਨਾਂ ਦੇ ਨਾਲ ਵਿਜੈ ਸਾਂਪਲਾ ਬਾਰੇ ਵੀ ਅਪਮਾਨ ਜਨਕ ਟਿੱਪਣੀ ਕੀਤੀ ਹੈ। ਧਰਨੇ ਦੌਰਾਨ ਭਾਜਪਾ ਨੇਤਾ ਰੋਬਿਨ ਸਾਂਪਲਾ ਵੀ ਆ ਪਹੁੰਚੇ। ਇਸ ਧਰਨੇ ਦੇ ਬਾਅਦ ਅਧਿਕਾਰੀਆਂ ਨੇ ਥਾਣਾ ਇੰਚਾਰਜ ਨੂੰ ਲਾਈਨ ਹਾਜ਼ਰ ਕਰ ਦਿੱਤਾ ਹੈ। ਰੋਬਿਨ ਸਾਂਪਲਾ ਦਾ ਕਹਿਣਾ ਸੀ ਕਿ ਇਲਾਕੇ ਦੇ ਇੱਕ ਦੁਕਾਨਦਾਰ ਨਾਲ ਇੱਕ ਭਾਜਪਾ ਵਰਕਰ ਵਿੱਕੀ ਦਾ ਕੁਝ ਲੈਣ-ਦੇਣ ਸੀ। ਕੱਲ੍ਹ ਦੇਰ ਸ਼ਾਮ ਵਿੱਕੀ ਦੁਕਾਨਦਾਰ ਕੋਲ ਗਿਆ ਤਾਂ ਪੈਸੇ ਮੰਗਣ ਉੱਤੇ ਭੜਕੇ ਦੁਕਾਨਦਾਰ ਨੇ ਵਿੱਕੀ ਨਾਲ ਮਾਰਕੁੱਟ ਕੀਤੀ ਅਤੇ ਪੈਸੇ ਦੇਣ ਤੋਂ ਨਾਂਹ ਕਰ ਕੇ ਵਿੱਕੀ ਦਾ ਮੋਬਾਈਲ ਫੋਨ ਵੀ ਖੋਹ ਲਿਆ। ਦੋਸ਼ ਹੈ ਕਿ ਇਸ ਮੌਕੇ ਦੁਕਾਨਦਾਰ ਨੇ ਵਿੱਕੀ ਨੂੰ ਜਾਤੀ ਸੂਚਕ ਸ਼ਬਦ ਵੀ ਬੋਲੇ। ਰੋਬਿਨ ਦਾ ਦੋਸ਼ ਸੀ ਕਿ ਜਦ ਭਾਜਪਾ ਕਾਰਕੁਨ ਦੀ ਕੁੱਟਮਾਰ ਦੀ ਸੂਚਨਾ ਉੱਤੇ ਉਨ੍ਹਾਂ ਨੇ ਆਪਣੇ ਸਾਥੀ ਹਿਮਾਂਸ਼ੂ ਨੂੰ ਓਥੇ ਭੇਜਿਆ ਤਾਂ ਥਾਣਾ ਇੰਚਾਰਜ ਨੇ ਉਨ੍ਹਾਂ ਦੇ ਸਾਥੀ ਨਾਲ ਬਦਸਲੂਕੀ ਅਤੇ ਵਿਜੈ ਸਾਂਪਲਾ ਬਾਰੇ ਵੀ ਅਪਮਾਨ ਜਨਕ ਟਿੱਪਣੀਆਂ ਕੀਤੀਆਂ। ਇਸ ਦਾ ਵੀਡੀਓ ਸਬੂਤ ਉਨ੍ਹਾਂ ਕੋਲ ਮੌਜੂਦ ਹੈ। ਰੋਬਿਨ ਸਾਂਪਲਾ ਦਾ ਕਹਿਣਾ ਹੈ ਕਿ ਜਦ ਉਹ ਵੀ ਮੌਕੇ ਉੱਤੇ ਪਹੁੰਚੇ ਤਾਂ ਥਾਣਾ ਇੰਚਾਰਜ ਨੇ ਉਨ੍ਹਾਂ ਨਾਲ ਵੀ ਗਲਤ ਵਿਹਾਰ ਕੀਤਾ, ਜਿਸ ਪਿੱਛੋਂ ਰੋਬਿਨ ਆਪਣੇ ਸਾਥੀਆਂ ਨਾਲ ਥਾਣੇ ਦੇ ਬਾਹਰ ਸੜਕ ਉੱਤੇ ਥਾਣਾ ਇੰਚਾਰਜ ਦੇ ਖਿਲਾਫ ਧਰਨੇ ਉੱਤੇ ਬੈਠ ਗਏ।

ਦੂਜੇ ਪਾਸੇ ਥਾਣਾ ਇੰਚਾਰਜ ਅਜੈਬ ਸਿੰਘ ਔਜਲਾ ਦਾ ਕਹਿਣਾ ਸੀ ਕਿ ਉਨ੍ਹਾਂ ਉੱਤੇ ਲਾਏ ਗਏ ਦੋਸ਼ ਬੇਬੁਨਿਆਦ ਹਨ, ਅਸਲ ਮਾਮਲਾ 15 ਹਜ਼ਾਰ ਦੇ ਲੈਣ-ਦੇਣ ਬਾਰੇ ਸੀ, ਜਿਸ ਦੀ ਜਾਂਚ ਦੌਰਾਨ ਉਨ੍ਹਾਂ ਉੱਤੇ ਦਬਾਅ ਪਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਸੀ। ਉਨ੍ਹਾਂ ਦੇ ਨਾ ਮੰਨਣ ਕਾਰਨ ਉਨ੍ਹਾਂ ਉੱਤੇ ਦੋਸ਼ ਲਾ ਦਿੱਤੇ ਗਏ। ਵਿਜੈ ਸਾਂਪਲਾ ਨੂੰ ਉਹ ਨਿੱਜੀ ਤੌਰ ਉੱਤੇ ਜਾਣਦੇ ਹਨ ਅਤੇ ਇੱਕ ਨੇਤਾ ਵਜੋਂ ਉਨ੍ਹਾਂ ਦਾ ਸਨਮਾਨ ਕਰਦੇ ਹਨ।

# ਵਿਆਨਾ ਕਾਂਡ ਵਾਲਾ ਕੇਸ ਵਾਪਸ ਲੈਣ ਦੀ ਅਰਜ਼ੀ ਰੱਦ

ਜਲੰਧਰ, 21 ਸਤੰਬਰ (ਪੋਸਟ ਬਿਊਰੋ)- ਸਾਲ 2009 ਵਿੱਚ ਹੋਏ ਵਿਆਨਾ ਕਾਂਡ ਬਾਰੇ ਕੱਲ੍ਹ ਅਡੀਸ਼ਨਲ ਜ਼ਿਲ੍ਹਾ ਅਤੇ ਸੈਸ਼ਨ ਜੱਜ ਮਨਜਿੰਦਰ ਸਿੰਘ ਦੀ ਅਦਾਲਤ ਨੇ ਸਰਕਾਰੀ ਵਕੀਲ ਦੀ ਇਹ ਕੇਸ ਵਾਪਸ ਲੈਣ ਦੀ ਅਰਜ਼ੀ ਰੱਦ ਕਰਨ ਦਾ ਹੁਕਮ ਦਿੱਤਾ ਹੈ, ਜਿਸ ਤੋਂ ਬਾਅਦ ਨਾਮਜ਼ਦ ਦੋਸ਼ੀਆਂ ਉੱਤੇ ਕੇਸ ਚੱਲਦਾ ਰਹੇਗਾ। ਥਾਣਾ ਰਾਮਾ ਮੰਡੀ ਦੇ ਸਾਲ 2009 ਦੇ ਕੇਸ ਦੇ ਸ਼ਿਕਾਇਤ ਕਰਤਾ ਵਕੀਲ ਦਰਸ਼ਨ ਸਿੰਘ ਦਿਆਲ ਨੇ ਦੱਸਿਆ ਕਿ ਵਿਆਨਾ ਕਾਂਡ ਮਾਮਲੇ ਵਿੱਚ ਸਰਕਾਰ ਨੇ ਜੁਲਾਈ ਵਿੱਚ ਇੱਕ ਪੱਤਰ ਜਾਰੀ ਕਰ ਕੇ ਸਰਕਾਰੀ ਵਕੀਲ ਨੂੰ ਇਨ੍ਹਾਂ ਕੇਸਾਂ ਨੂੰ ਵਾਪਸ ਲੈਣ ਦੀ ਅਰਜੀ ਦੇਣ ਨੂੰ ਕਿਹਾ ਸੀ ਤਾਂ ਕਿ ਵੱਖ-ਵੱਖ ਥਾਣਿਆਂ ਵਿੱਚ ਚੱਲਦੇ ਛੇ ਕੇਸ ਖਤਮ ਹੋ ਸਕਣ। ਇਨ੍ਹਾਂ ਵਿੱਚ ਇੱਕ ਕੇਸ ਨੰਬਰ 125 ਮਿਤੀ 25 ਅਪ੍ਰੈਲ 2009 ਥਾਣਾ ਰਾਮਾ ਮੰਡੀ ਦਾ ਸੀ, ਜਿਸ ਵਿੱਚ ਕੌਂਸਲਰ ਮਨਦੀਪ ਕੁਮਾਰ ਜੱਸਲ, ਗੁਲਜਾਰਾ ਸਿੰਘ, ਬਾਲ ਮੁਕੰਦ, ਸ਼ਿੰਗਾਰਾ ਰਾਮ, ਰਾਜੇਸ਼ਵਰ, ਕਿਸਨ ਪਾਲ ਨੂੰ ਨਾਮਜ਼ਦ ਕੀਤਾ ਗਿਆ ਸੀ। ਇਸ ਕੇਸ ਵਿੱਚ ਸ਼ਿਕਾਇਤ ਪੱਖ ਦੇ ਨਾਲ ਜੌਹਲ ਹਸਪਤਾਲ ਵੱਲੋਂ ਡਾ. ਬਲਜੀਤ ਸਿੰਘ ਜੌਹਲ ਨੇ ਵੱਖਰਾ ਬਿਆਨ ਦਰਜ ਕਰਵਾਇਆ ਸੀ ਕਿ ਉਸ ਦਿਨ ਭੀੜ ਨੇਕੁਝ ਮੋਟਰਸਾਈਕਲਾਂ ਨੂੰ ਤੋੜ ਕੇ ਅੱਗ ਲਾ ਦਿੱਤੀ ਅਤੇ ਪੁਲਸ ਵਾਲਿਆਂ ਉੱਤੇ ਵੀ ਪਥਰਾਅ ਕੀਤਾ ਸੀ। ਸ਼ਿਕਾਇਤ ਵਿੱਚ ਇਹ ਵੀ ਲਿਖਿਆ ਸੀ ਕਿ ਇਨ੍ਹਾਂ ਪ੍ਰਦਰਸ਼ਨਕਾਰੀਆਂ ਦੀ ਅਗਵਾਈ ਮਨਦੀਪ ਜੱਸਲ ਕਰ ਰਹੇ ਸਨ। ਇਸ ਕੇਸ ਵਿੱਚ ਡਾ. ਜੌਹਲ ਵੱਲੋਂ ਵਕੀਲ ਦਰਸ਼ਨ ਸਿੰਘ ਦਿਆਲ ਸਨ, ਜਿਨ੍ਹਾਂਨੇ ਇਸ ਕੇਸ ਵਿੱਚ ਸਰਕਾਰੀ ਵਕੀਲ ਵੱਲੋਂ ਲਾਈ ਅਰਜ਼ੀ ਖ਼ਿਲਾਫ਼ ਦਲੀਲ ਪੇਸ਼ ਕੀਤੀ ਕਿ ਇਹ ਆਮ ਕੇਸ ਨਹੀਂ ਕਿ ਕਿਸੇ ਦਾ ਨੁਕਸਾਨ ਕਰਕੇ ਸਰਕਾਰ ਵੱਲੋਂ ਕੇਸ ਵਾਪਸ ਲੈ ਲਿਆ ਜਾਵੇ, ਨਾ ਇਹ ਕੋਈ ਪਬਲਿਕ ਕੇਸ ਹੈ, ਜਿਸ ਨੂੰ ਵਾਪਸ ਲੈ ਲਿਆ ਜਾਵੇ। ਜੇ ਅਜਿਹਾ ਹੁੰਦਾ ਹੈ ਤਾਂ ਜਿਨ੍ਹਾਂ ਲੋਕਾਂ ਦਾ ਨੁਕਸਾਨ ਹੋਇਆ ਹੈ, ਉਨ੍ਹਾਂ ਦਾ ਕਾਨੂੰਨ ਤੋਂ ਵਿਸ਼ਵਾਸ਼ ਖ਼ਤਮ ਹੋ ਜਾਵੇਗਾ ਤੇ ਪੁਲਸ ਦੀ ਅਰਜ਼ੀ ਰੱਦ ਕੀਤੀ ਜਾਵੇ। ਇਸ ਪਿੱਛੋਂਐਡੀਸ਼ਨਲ ਸੈਸ਼ਨ ਜੱਜ ਮਨਜਿੰਦਰ ਸਿੰਘ ਦੀ ਅਦਾਲਤ ਨੇ ਵਕੀਲ ਦਰਸ਼ਨ ਸਿੰਘ ਦਿਆਲ ਦੀਆਂ ਦਲੀਲਾਂ ਨਾਲ ਸਹਿਮਤ ਹੁੰਦੇ ਹੋਏ ਇਨ੍ਹਾਂ ਸਾਰਿਆਂ ਖ਼ਿਲਾਫ਼ ਕੇਸ ਚਲਾਏ ਜਾਣ ਦਾ ਹੁਕਮ ਦਿੱਤਾ।

# ਪੰਜਾਬੀ ਯੂਨੀਵਰਸਿਟੀ ਦੇ ਫੰਡ ਘੋਟਾਲਾ ਕੇਸ ਵਿੱਚ ਸੱਤ ਦੋਸ਼ੀਆਂ ਵਿੱਚੋਂ 4 ਗ੍ਰਿਫਤਾਰ

ਪਟਿਆਲਾ, 21 ਸਤੰਬਰ (ਪੋਸਟ ਬਿਊਰੋ)- ਪੰਜਾਬੀ ਯੂਨੀਵਰਸਿਟੀ ਵਿੱਚ ਫੰਡਾਂ ਦੀ ਹੇਰਾ-ਫੇਰੀ ਵਾਲੇ ਮਾਮਲੇ ਵਿੱਚ ਮੁੱਖ ਦੋਸ਼ੀ ਸਮੇਤ ਤਿੰਨ ਜਣਿਆਂ ਨੂੰ ਪੁਲਸ ਨੇ ਗ੍ਰਿਫਤਾਰ ਕਰ ਲਿਆ ਹੈ। ਥਾਣਾ ਅਰਬਨ ਅਸਟੇਟ ਵਿਖੇ ਦਰਜ ਮਾਮਲੇ ਵਿੱਚ ਨਾਮਜ਼ਦ ਸੀਨੀਅਰ ਸਹਾਇਕ ਨਿਸ਼ੂ ਚੌਧਰੀ, ਆਸ਼ੂ ਤੇ ਸੋਨੂੰ ਦੀ ਗ੍ਰਿਫਤਾਰੀ ਕੀਤੀ ਗਈ ਹੈ। ਐਸ ਪੀ (ਇਨਵੈੱਸਟੀਗੇਸ਼ਨ) ਡਾਕਟਰ ਮਹਿਤਾਬ ਸਿੰਘ ਨੇ ਇਨ੍ਹਾਂ ਦੋਸ਼ੀਆਂ ਦੀ ਗ੍ਰਿਫਤਾਰੀ ਦੀ ਪੁਸ਼ਟੀ ਕੀਤੀ ਹੈ। ਇਨ੍ਹਾਂ ਨੂੰ ਕਾਂਗੜੇ ਤੋਂ ਗ੍ਰਿਫਤਾਰ ਕੀਤਾ ਗਿਆ ਅਤੇ ਉਨ੍ਹਾਂ ਦਾ ਪੰਜ ਦਿਨ ਦਾ ਪੁਲਸ ਰਿਮਾਂਡ ਲਿਆ ਗਿਆ ਹੈ। ਪੁਲਸ ਨੇ ਇਸ ਬਾਰੇ ਸੱਤ ਜਣਿਆਂ ਖਿਲਾਫ ਮਾਮਲਾ ਦਰਜ ਕੀਤਾ ਸੀ, ਜਿਨ੍ਹਾਂ ਵਿੱਚੋਂ ਚਾਰ ਦੀ ਗ੍ਰਿਫਤਾਰੀ ਹੋਈ ਹੈ,ਬਾਕੀ ਫਰਾਰ ਹਨ।ਜਾਣਕਾਰੀ ਅਨੁਸਾਰ ਪੰਜਾਬੀ ਯੂਨੀਵਰਸਿਟੀ ਵਿਚ ਜਾਅਲੀ ਬਿੱਲਾਂ ਦੇ ਆਧਾਰ ਉੱਤੇ ਸਰਕਾਰੀ ਫੰਡਾਂ ਨੂੰ ਮੁਲਾਜ਼ਮਾਂ ਵੱਲੋਂ ਆਪਣੇ ਖਾਤਿਆਂ ਵਿਚ ਪਾਇਆ ਜਾ ਰਿਹਾ ਸੀ। ਇਸ ਦਾ ਖੁਲਾਸਾ ਹੋਣ ਪਿੱਛੋਂ ਯੂਨੀਵਰਸਿਟੀ ਪ੍ਰਸ਼ਾਸਨ ਵੱਲੋਂ ਜਾਂਚ ਕਰਵਾਈ ਤਾਂ ਪਤਾ ਲੱਗਾ ਕਿ ਸੀਨੀਅਰ ਸਹਾਇਕ ਨੇ ਲੱਖਾਂ ਰੁਪਏ ਦੀ ਰਾਸ਼ੀ ਜਾਅਲੀ ਬਿੱਲ ਰਾਹੀਂ ਆਪਣੇ ਅਤੇ ਸਾਥੀਆਂ ਦੇ ਖਾਤਿਆਂ ਵਿੱਚ ਜਮ੍ਹਾਂ ਕਰਵਾਈ ਹੈ। ਇਸ ਬਾਰੇ ਯੂਨੀਵਰਸਿਟੀ ਨੇ ਸੱਤ ਜਣਿਆਂ ਖਿਲਾਫ ਕੇਸ ਦਰਜ ਕਰਵਾਇਆ ਸੀ। ਯੂਨੀਵਰਸਿਟੀ ਨੇ ਆਪਣੇ ਪੱਧਰ ਉੱਤੇ ਵੀ ਜਾਂਚ ਜਾਰੀ ਰੱਖੀ, ਜਿਸ ਵਿੱਚ ਯੂਨੀਵਰਸਿਟੀ ਦੇ ਹੋਰ ਮੁਲਾਜ਼ਮਾਂ ਵੀ ਦੋਸ਼ੀ ਪਤਾ ਲੱਗੇ ਹਨ। ਇਹ ਵੀ ਭੇਦ ਖੁੱਲ੍ਹਾ ਹੈ ਕਿ ਸੀਨੀਅਰ ਸਹਾਇਕ ਨੇ ਹੋਰ ਦੋਸ਼ੀਆਂ ਦੇ ਖਾਤਿਆਂ ਵਿੱਚ ਪੰਜ ਤੋਂ 12 ਲੱਖ ਰੁਪਏ ਜਮ੍ਹਾਂ ਕਰਵਾਏ ਸਨ। ਯੂਨੀਵਰਸਿਟੀ ਨੇ ਅਜਿਹੇ 12 ਮੁਲਾਜ਼ਮਾਂ ਦੀ ਸੂਚੀ ਬਣਾਈ ਸੀ, ਜਿਨ੍ਹਾਂ ਨੂੰ ਬੈਂਕ ਖਾਤਿਆਂ ਦੀ ਜਾਂਚ ਤੋਂ ਬਾਅਦ ਘੋਟਾਲੇ ਵਿੱਚ ਹਿੱਸੇਦਾਰ ਮੰਨਿਆ ਗਿਆ। ਇਸੇ ਜਾਂਚ ਰਿਪੋਰਟ ਦੇ ਆਧਾਰ ਉੱਤੇ ਵਾਈਸ ਚਾਂਸਲਰ ਵੱਲੋਂ ਨੌਂ ਮੁਲਾਜ਼ਮਾਂ ਖਿਲਾਫ ਵੱਡੀ ਕਾਰਵਾਈ ਦੇ ਹੁਕਮ ਦਿੱਤੇ ਗਏ ਹਨ। ਘਪਲੇਬਾਜ਼ਾਂ ਖਿਲਾਫ ਕੇਸ ਵਿੱਚ ਨਾਮਜ਼ਦ ਸੀਨੀਅਰ ਸਹਾਇਕ ਦੇ ਸਾਥੀ ਵਿਨੈ ਨੂੰ ਪੁਲਸ ਨੇ ਗ੍ਰਿਫਤਾਰ ਕਰ ਲਿਆ ਹੈ। ਪੁਲਸ ਨੇ ਸੀਨੀਅਰ ਸਹਾਇਕ ਨਿਸ਼ੂ ਚੌਧਰੀ ਦੇ ਜਿੰਮ ਟਰੇਨਰ ਵਿਨੈ ਕੁਮਾਰ ਨੂੰ ਬੀਤੇ ਹਫਤੇ ਫੜਿਆ ਤਾਂ ਉਸ ਨੇ ਕਿਹਾ ਸੀ ਕਿ ਨਿਸ਼ੂ ਚੌਧਰੀ ਨੇ ਸੇਬਾਂ ਦੇ ਬਾਗ ਹੋਣ ਦਾ ਕਹਿ ਕੇ ਉਸ ਦੇ ਬੈਂਕ ਖਾਤੇ ਵਿੱਚ 47 ਲੱਖ ਰੁਪਏ ਜਮ੍ਹਾਂ ਕਰਵਾਏ ਸਨ।

# ਝੋਨੇ ਦੀ ਪਰਾਲੀ ਨਾ ਸਾੜਨ ਨਾਲ ਕਣਕ ਦੀ ਪੈਦਾਵਾਰ ਵੀ ਵਧੀ

ਬਟਾਲਾ, 21 ਸਤੰਬਰ (ਪੋਸਟ ਬਿਊਰੋ)- ਝੋਨੇ ਦੀ ਪਰਾਲੀ ਸਾੜਨ ਨਾਲ ਹਵਾ ਖਰਾਬ ਹੁੰਦੀ ਹੈ, ਇਹ ਸਭ ਨੇ ਸੁਣਿਆ ਸੀ, ਪਰ ਪਰਾਲੀ ਨਾ ਸਾੜਨ ਨਾਲ ਕਣਕ ਦੀ ਪੈਦਾਵਾਰ ਵਧਦੀ ਹੈ, ਇਹ ਬਟਾਲੇਨੇੜੇ ਪਿੰਡ ਪੰਜਗਰਾਈਆਂ ਦੇ ਕਿਸਾਨਾਂ ਦਾ ਨਵਾਂ ਤਜਰਬਾ ਹੈ। ਉਹ ਛੇ ਸਾਲ ਤੋਂ ਨਵੀਂ ਤਕਨੀਕ ਨਾਲ ਖੇਤੀ ਕਰ ਰਹੇ ਹਨ।

ਪਿੰਡ ਪੰਜਗਰਾਈਆਂ ਦੇ ਕਿਸਾਨ ਕੰਵਲਜੀਤ ਸਿੰਘ ਲਾਲੀ ਨੇ ਦੱਸਿਆ ਕਿ 'ਪਰਾਲੀ ਨਾ ਸਾੜਨ ਦੇ ਕਈ ਫਾਇਦੇ ਹਨ। ਇੱਕ ਤਾਂ ਹਵਾ ਵਿੱਚ ਧੂੰਆਂ ਨਹੀਂ ਫੈਲਦਾ। ਦੂਸਰਾ ਕਣਕ ਦੀ ਪੈਦਾਵਾਰ ਵਧੀ ਹੈ। ਤੀਸਰਾ ਖਰਚਾ ਨਹੀਂ ਵਧਦਾ।' ਉਨ੍ਹਾਂ ਨੇ ਵੀਹ ਏਕੜ ਵਿੱਚੋਂ 13 ਏਕੜ ਵਿੱਚ ਪਰਮਲ ਝੋਨਾ, ਦੋ ਏਕੜ ਵਿੱਚ ਬਾਸਮਤੀ, ਡੇਢ ਕਿੱਲੇ ਵਿੱਚ ਮੱਕੀ, ਤਿੰਨ ਏਕੜ ਵਿੱਚ ਕਮਾਦ ਤੇ ਕੁਝ ਰਕਬੇ ਵਿੱਚ ਹਰਾ ਚਾਰਾ ਬੀਜਿਆ ਹੈ। ਡੇਢ ਏਕੜ ਕਮਾਦ ਤੁਪਕਾ ਸਿੰਜਾਈ ਤਕਨੀਕ ਨਾਲ ਬੀਜ ਕੇ ਪਾਣੀ ਬਚਾਇਆ ਹੈ। ਲਾਲੀ ਨੇ ਦਸਿਆ ਕਿ ਉਹ ਵੀ ਪਹਿਲਾਂ ਪਰਾਲੀ ਸਾੜਦੇ ਸਨ, ਪਰ ਖੇਤੀ ਵਿਭਾਗ ਨੇ ਨਵੀਂ ਤਕਨੀਕ ਸਿਖਾਈ ਤਾਂ ਬੰਦ ਕਰ ਦਿੱਤੀ ਹੈ। ਆਪਣੇ ਇਲਾਕੇ ਦੇ ਹੋਰਨਾਂ ਕਿਸਾਨਾਂ ਨਾਲ ਮਿਲ ਕੇ ਉਨ੍ਹਾਂ ਨੇ ਕਿਸਾਨ ਸੈਲਫ ਹੈਲਪ ਗਰੁੱਪ ਬਣਾਇਆ ਅਤੇ ਸਰਕਾਰ ਤੋਂ ਮਿਲੀ ਸਬਸਿਡੀ ਦੇ ਨਾਲ ਖੇਤੀ ਮਸ਼ੀਨਰੀ ਖਰੀਦ ਕੇ ਖੇਤੀ ਮਸ਼ੀਨਰੀ ਬੈਂਕ ਬਣਾਇਆ ਹੈ, ਜਿਸ ਵਿੱਚ ਇੱਕ ਮਲਚਰ, ਹੈਪੀਸੀਡਰ, ਜ਼ੀਰੋ ਡਰਿਲ ਤੇ ਚੋਪਰ ਵਰਗੀ ਮਸ਼ੀਨਰੀ ਹੈ। ਗਰੁੱਪ ਦੇ ਕਿਸਾਨ ਇਨ੍ਹਾਂ ਨੂੰ ਖੇਤੀ ਵਿੱਚ ਵਰਤਦੇ ਅਤੇ ਦੂਸਰੇ ਕਿਸਾਨਾਂ ਨੂੰ ਵੀ ਕੋਆਪਰੇਟਿਵ ਸੋਸਾਈਟੀ ਤੋਂ ਤੈਅ ਰੇਟ ਉੱਤੇ ਕਿਰਾਏ ਉੱਤੇ ਦਿੰਦੇ ਹਨ। ਇਸ ਦੇ ਲਈ ਖੇਤੀਬਾੜੀ ਵਿਭਾਗ ਨੇ ਉਨ੍ਹਾਂ ਨੂੰ ਸਨਮਾਨਤ ਵੀ ਕੀਤਾ ਹੈ। ਦੂਸਰੇ ਕਿਸਾਨਾਂ ਨੂੰ ਪਰਾਲੀ ਨੂੰ ਅੱਗ ਨਾ ਲਾਉਣ ਦੀ ਅਪੀਲ ਕਰਦੇ ਹੋਏ ਲਾਲੀ ਕਹਿੰਦੇ ਹਨ ਕਿ ਜਦ ਸਾਡੇ ਕੋਲ ਨਵੀਂ ਤਕਨੀਕ ਆ ਗਈ ਹੈ ਤਾਂ ਪਰਾਲੀ ਸਾੜ ਕੇ ਖਤਰਾ ਕਿਉਂ ਮੁੱਲ ਲਿਆ ਜਾਏ, ਕਿਸਾਨਾਂ ਨੂੰ ਆਪਣਾ ਵਾਤਾਵਰਣ ਸਾਫ ਰੱਖਣ ਦੀ ਵੱਡੀ ਜ਼ਰੂਰਤ ਹੈ।

# ਦਿੱਲੀ ਗੁਰਦੁਆਰਾ ਕਮੇਟੀ ਚੋਣ: ਮਨਜਿੰਦਰ ਸਿੰਘ ਸਿਰਸਾ ਗੁਰਮੁਖੀ ਦੇ ਟੈੱਸਟ ਵਿੱਚੋਂ ਫੇਲ੍ਹ, ਹਾਈ ਕੋਰਟ ਵੱਲੋਂ ਮੈਂਬਰੀ ਰੱਦ ਹੋਣ ਦਾ ਡਰ

### * ਗੁਰੂ ਗ੍ਰੰਥ ਸਾਹਿਬ ਦਾ ਸ਼ੁੱਧ ਪਾਠ ਵੀ ਨਹੀਂ ਕਰ ਸਕੇ

ਨਵੀਂ ਦਿੱਲੀ, 21 ਸਤੰਬਰ, (ਪੋਸਟ ਬਿਊਰੋ)- ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਕਰਾਉਣ ਵਾਲੇ ਗੁਰਦੁਆਰਾ ਚੋਣ ਡਾਇਰੈਕਟਰੇਟ ਵੱਲੋਂਕਰਾਏ ਗਏ ਗੁਰਬਾਣੀ ਤੇ ਗੁਰਮੁਖੀ ਦੇ ਟੈੱਸਟ ਵਿੱਚ ਦਿੱਲੀ ਗੁਰਦੁਆਰਾਕਮੇਟੀ ਦੇ ਮੌਜੂਦਾ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ ਫੇਲ੍ਹ ਹੋ ਗਏ ਹਨ ਅਤੇ ਇਸ ਰਿਪੋਰਟ ਦੇ ਬਾਅਦ ਦਿੱਲੀ ਹਾਈ ਕੋਰਟ ਤੋਂ ਉਨ੍ਹਾਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਦਿੱਲੀ ਗੁਰਦੁਆਰਾ ਕਮੇਟੀ ਦੇ ਮੈਂਬਰ ਨਾਮਜ਼ਦ ਕਰਨ ਦਾ ਫੈਸਲਾ ਰੱਦ ਹੋ ਸਕਦਾ ਹੈ। ਇਸ ਫੈਸਲੇ ਪਿੱਛੋਂ ਮਨਜਿੰਦਰ ਸਿੰਘ ਸਿਰਸਾ ਇੱਕ ਵਾਰੀ ਹੋਰ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬਣਨ ਦੀ ਦੌੜ ਵਿੱਚੋਂ ਸਾਫ ਤੌਰ ਉੱਤੇ ਬਾਹਰ ਹੋ ਸਕਦੇ ਹਨ। ਮਿਲੀ ਜਾਣਕਾਰੀ ਅਨੁਸਾਰ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੌਜੂਦਾ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ ਨੂੰਗੁਰਮੁਖੀ ਤੇ ਪੰਜਾਬੀ ਟੈੱਸਟ ਦੀ ਕਾਨੂੰਨੀ ਸ਼ਰਤ ਪੂਰੀ ਕਰਨ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅੰਗ 1358 ਉਤੇ ਲਿਖਤ ਗੁਰਬਾਣੀ ਪੜ੍ਹਨ ਲਈ ਕਿਹਾ ਗਿਆ ਸੀ, ਪਰ ਉਨ੍ਹਾਂ ਦੇ ਟੈੱਸਟ ਦੀ ਵੀਡੀਓ ਰਿਪੋਰਟ ਮੁਤਾਬਕ ਉਹ ਗੁਰਬਾਣੀ ਪੜ੍ਹਨ ਤੇ ਸਹੀ ਲਹਿਜੇ ਵਿੱਚ ਉਚਾਰਨ ਤੋਂ ਫੇਲ੍ਹ ਹੋ ਗਏ। ਮਨਜਿੰਦਰ ਸਿੰਘ ਸਿਰਸਾ ਨੂੰ



ਗੁਰਮੁਖੀ ਵਿੱਚ ਆਪਣੀ ਪਸੰਦ ਦੇ ਕੁੱਲ 46 ਸ਼ਬਦ ਲਿਖਣ ਦਾ ਮੌਕਾ ਦਿੱਤਾ ਗਿਆ ਤਾਂ ਉਨ੍ਹਾਂ ਦੇ ਲਿਖੇ ਇਨ੍ਹਾਂ 46 ਸ਼ਬਦਾਂ ਵਿੱਚੋਂ27 ਸ਼ਬਦ ਗਲਤ ਨਿਕਲੇ ਤੇ ਸਿਰਫ 19 ਸ਼ਬਦ ਠੀਕ ਸਨ। ਇਸ ਪਿੱਛੋਂਉਨ੍ਹਾਂ ਨੂੰ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ(ਡੀਐਸਜੀਐਮਸੀ) ਐਕਟ ਦੀ ਧਾਰਾ 10ਹੇਠ ਇਸ ਕਮੇਟੀ ਦੇ ਮੈਂਬਰ ਬਣਨ ਦੇ ਯੋਗ ਨਾ ਹੋਣ ਕਰ ਕੇ ਅਯੋਗ ਠਹਿਰਾਇਆ ਜਾ ਸਕਦਾ ਹੈ। ਸਿਰਸਾ ਦੇ ਪੰਜਾਬੀ ਟੈੱਸਟ ਦੀ ਮੁਕੰਮਲ ਕਾਰਵਾਈ ਦੀ ਲਾਈਵ ਵੀਡੀਓ ਵੀ ਰਿਕਾਰਡ ਕੀਤੀ ਗਈ ਸੀ।

# ਮਸਜਿਦ ਵਿੱਚੋਂ ਪਾਣੀ ਲੈਣ ਗਏ ਹਿੰਦੂ ਪਰਵਾਰ ਦੀ ਮਾਰਕੁੱਟ

### * ਡੇਰੇ ਵਿੱਚ ਬੰਦੀ ਬਣਾ ਕੇ ਤਸੀਹੇ ਦੇਣ ਦਾ ਦੋਸ਼

ਇਸਲਾਮਾਬਾਦ, 21 ਸਤੰਬਰ (ਪੋਸਟ ਬਿਊਰੋ)- ਪਾਕਿਸਤਾਨ ਦੇ ਪੰਜਾਬ ਸੂਬੇ ਵਿੱਚ ਘੱਟਗਿਣਤੀ ਹਿੰਦੂ ਭਾਈਚਾਰੇ ਨਾਲ ਸਬੰਧਤ ਇੱਕ ਗਰੀਬ ਪਰਵਾਰ ਨੂੰ ਮਸਜਿਦ ਵਿੱਚੋਂ ਪੀਣ ਵਾਲਾ ਪਾਣੀ ਲੈਣਾ ਕਾਫੀ ਮਹਿੰਗਾ ਪਿਆ ਹੈ। ਕੁਝ ਰਸੂਖਵਾਨਾਂ ਨੇ ਨਾ ਸਿਰਫ ਇਸ ਪਰਵਾਰ ਨੂੰ ਤਸੀਹੇ ਦਿੱਤੇ, ਸਗੋਂ ਮਸਜਿਦ ਦੀ ਪਵਿੱਤਰਤਾ ਨੂੰ ਭੰਗ ਕਰਨ ਦੇ ਦੋਸ਼ ਵਿੱਚ ਬੰਦੀ ਬਣਾ ਲਿਆ। ਇਹ ਦਾਅਵਾ ਇੱਕ ਮੀਡੀਆ ਰਿਪੋਰਟ ਵਿੱਚ ਕੀਤਾ ਗਿਆ ਹੈ।

ਰੋਜ਼ਾਨਾ ਅਖਬਾਰ ਡਾਅਨ ਦੀ ਰਿਪੋਰਟ ਮੁਤਾਬਕ ਆਲਮ ਰਾਮ ਭੀਲ, ਜੋ ਪੰਜਾਬ ਸੂਬੇ ਦੇ ਰਹੀਮਯਾਰ ਖਾਨ ਸ਼ਹਿਰ ਦਾ ਵਸਨੀਕ ਹੈ, ਆਪਣੀ ਪਤਨੀ ਅਤੇ ਹੋਰ ਪਰਵਾਰਕ ਮੈਂਬਰਾਂ ਨਾਲ ਖੇਤ ਵਿੱਚ ਰੂੰ ਚੁਗਣ ਦਾ ਕੰਮ ਕਰ ਰਿਹਾ ਸੀ। ਇਸ ਦੌਰਾਨ ਪਰਵਾਰਕ ਮੈਂਬਰ ਨੇੜੇ ਇੱਕ ਮਸਜਿਦ ਵਿੱਚ ਲੱਗੀ ਟੂਟੀ ਤੋਂ ਪਾਣੀ ਲੈਣ ਗਏ ਤਾਂ ਕੁਝ ਸਥਾਨਕ ਜ਼ਿਮੀਂਦਾਰਾਂ ਨੇ ਉਨ੍ਹਾਂ ਨੂੰ ਕੁੱਟਿਆ। ਇਸ ਰਿਪੋਰਟ ਮੁਤਾਬਕ



ਪਰਵਾਰ ਰੂੰਅ ਦੀਆਂ ਗੰਢਾਂ ਢੇਰੀ ਕਰਨ ਮਗਰੋਂ ਵਾਪਸ ਆਪਣੇ ਘਰ ਪਰਤ ਰਿਹਾ ਸੀ ਕਿ ਜ਼ਿਮੀਂਦਾਰਾਂ ਨੇ ਉਨ੍ਹਾਂ ਨੂੰ ਆਪਣੇ ਡੇਰੇ ਵਿੱਚ ਬੰਦੀ ਬਣਾ ਕੇ ਤਸੀਹੇ ਦਿੱਤੇ। ਭੀਲ ਨੇ ਦੱਸਿਆ ਕਿ ਪੁਲਸ ਨੇ ਅਜੇ ਤਕ ਹਮਲਾਵਰਾਂ ਦੇ ਖਿਲਾਫ ਕੋਈ ਕੇਸ ਦਰਜ ਨਹੀਂ ਕੀਤਾ, ਕਿਉਂਕਿ ਉਹ ਦੇਸ਼ ਦੀ ਹਾਕਮ ਪਾਕਿਸਤਾਨ ਤਹਿਰੀਕ ਏ ਇਨਸਾਫ ਪਾਰਟੀ ਦੇ ਸਥਾਨਕ ਪਾਰਲੀਮੈਂਟ ਮੈਂਬਰ ਨਾਲ ਸਬੰਧਤ ਲੋਕ ਹਨ। ਘੱਟਗਿਣਤੀ ਵਿੰਗ ਦੇ ਸੈਕਟਰੀ ਜਨਰਲ ਯੁਧਿਸ਼ਟਰ ਚੌਹਾਨ ਨੇ ਕਿਹਾ ਕਿ ਇਹ ਘਟਨਾ ਉਨ੍ਹਾਂ ਦੇ ਧਿਆਨ ਵਿੱਚ ਹੈ, ਪਰ ਸੱਤਾਧਾਰੀ ਪਾਰਟੀ ਦੇ ਰਸੂਖ ਕਰ ਕੇ ਉਨ੍ਹਾਂ ਇਸ ਮਾਮਲੇ ਤੋਂ ਦੂਰ ਰਹਿਣ ਨੂੰ ਹੀ ਤਰਜੀਹ ਦਿੱਤੀ।

# ਭਾਜਪਾ ਆਗੂ ਉਮਾ ਭਾਰਤੀ ਨੇ ਕਿਹਾ: ਅਫਸਰਸ਼ਾਹੀ ਕੁਝ ਨਹੀਂ, ਇਹ ਚੱਪਲਾਂ ਚੁੱਕਣ ਵਾਲੀ ਹੁੰਦੀ ਹੈ

ਨਵੀਂ ਦਿੱਲੀ, 21 ਸਤੰਬਰ (ਪੋਸਟ ਬਿਊਰੋ)- ਭਾਜਪਾ ਦੀ ਸੀਨੀਅਰ ਆਗੂ ਅਤੇ ਮੱਧ ਪ੍ਰਦੇਸ਼ ਦੀ ਸਾਬਕਾ ਮੁੱਖ ਮੰਤਰੀ ਉਮਾ ਭਾਰਤੀ ਦਾ ਇੱਕ ਵਿਵਾਦਤ ਇੱਕ ਵੀਡੀਓ ਸਾਹਮਣੇ ਆਇਆ ਹੈਮ ਜਿਸ ਵਿੱਚ ਉਨ੍ਹਾਂ ਨੇ ਅਫਸਰਸ਼ਾਹੀ ਯਾਨੀ ਕਿ ਬਿਊਰੋਕਰੇਸੀ ਨੂੰ ਚੱਪਲਾਂ ਚੁੱਕਣ ਵਾਲੇਲੋਕ ਆਖਿਆ ਹੈ।

ਇਸ ਵੀਡੀਓ ਵਿੱਚ ਸਾਧਵੀਉਮਾ ਭਾਰਤੀ ਕਹਿ ਰਹੀ ਹੈ ਕਿ 'ਬਿਊਰੋਕਰੇਸੀ ਕੁਝ ਵੀ ਨਹੀਂ ਹੁੰਦੀ, ਇਹ ਚੱਪਲਾਂ ਚੁੱਕਣ ਵਾਲੀ ਹੁੰਦੀ ਹੈ, ਸਾਡੀਆਂ ਚੱਪਲਾਂ ਚੁੱਕਦੀ ਹੈ। ਸਿਰਫ਼ ਅਸੀਂ ਇਸ ਦੇ ਲਈ ਸਹਿਮਤ ਹੋ ਜਾਂਦੇ ਹਾਂ।' ਉਨ੍ਹਾਂ ਕਿਹਾ ਕਿ 'ਤੁਸੀਂ ਕੀ ਸੋਚਦੇ ਹੋ, ਅਫ਼ਸਰਸ਼ਾਹੀ ਆਗੂ ਘੁਮਾਉਂਦੀ ਹੈ? ਨਹੀਂ, ਨਹੀਂ, ਗੱਲਬਾਤ ਪਹਿਲਾਂ ਪ੍ਰਾਈਵੇਟ ਹੁੰਦੀ ਹੈ।' 11 ਸਾਲ ਕੇਂਦਰ ਵਿੱਚ ਮੰਤਰੀ ਰਹਿ ਚੁੱਕੀ ਮੁੱਖ ਮੰਤਰੀ ਰਹੀ ਉਮਾ ਭਾਰਤੀਵੀਡੀਓ ਵਿੱਚ ਕਹਿ ਰਹੀ ਹੈ:ਪਹਿਲਾਂ ਅਸੀਂ ਗੱਲ



ਕਰਦੇ ਹਾਂ, ਚਰਚਾ ਕਰਦੇ ਹਾਂ, ਫਿਰ ਫ਼ਾਈਲ ਉਤੇ ਕਾਰਵਾਈ ਕੀਤੀ ਜਾਂਦੀ ਹੈ।' ਉਮਾ ਭਾਰਤੀ ਨੇ ਕਿਹਾ ਕਿ 'ਸਭ ਕੁਝ ਬਕਵਾਸ ਹੈ, ਨੌਕਰਸ਼ਾਹੀ ਘੁਮਾਉਂਦੀ ਹੈ। ਘੁੰਮਾ ਹੀ ਨਹੀਂ ਸਕਦੀ, ਉਨ੍ਹਾਂ ਦੀ ਔਕਾਤ ਕੀ ਹੈ? ਤਨਖ਼ਾਹ ਅਸੀਂ ਉਨ੍ਹਾਂ ਨੂੰ ਦੇ ਰਹੇ ਹਾਂ, ਅਸੀਂ ਉਨ੍ਹਾਂ ਨੂੰ ਨਿਯੁਕਤੀਆਂ ਦੇਂਦੇ ਹਾਂ, ਅਸੀਂ ਉਨ੍ਹਾਂ ਨੂੰ ਤਰੱਕੀਆਂ ਅਤੇ ਦੇ ਰਹੇ ਹਾਂ। ਉਨ੍ਹਾਂ ਨੂੰ ਕੋਈ ਅਧਿਕਾਰ ਨਹੀਂ ਹੈ। ਅਸਲ ਗੱਲ ਇਹ ਹੈ ਕਿ ਅਸੀਂ ਆਪਣੀ ਰਾਜਨੀਤੀ ਨੌਕਰਸ਼ਾਹੀ ਦੇ ਬਹਾਨੇ ਕਰਦੇ ਹਾਂ।'

# ਸੁਰੱਖਿਆ ਕਾਰਨਾਂ ਕਰ ਕੇ ਇੰਗਲੈਂਡ ਕ੍ਰਿਕਟ ਟੀਮ ਨੇ ਵੀ ਪਾਕਿ ਦੌਰਾ ਰੱਦ ਕੀਤਾ

ਲੰਡਨ, 21 ਸਤੰਬਰ (ਪੋਸਟ ਬਿਊਰੋ)- ਇੰਗਲੈਂਡ ਨੇ ਆਪਣੀਆਂ ਪੁਰਸ਼ ਤੇ ਮਹਿਲਾ ਟੀਮਾਂ ਦਾ ਅਗਲੇ ਮਹੀਨੇ ਹੋਣ ਵਾਲਾ ਪਾਕਿਸਤਾਨ ਦੌਰਾ ਰੱਦ ਕਰ ਦਿੱਤਾ ਹੈ। ਉਨ੍ਹਾ ਨੇ ਇਹ ਫੈਸਲਾ ਨਿਊਜ਼ੀਲੈਂਡ ਵੱਲੋਂ ਪਾਕਿਸਤਾਨ ਵਿੱਚ ਸੁਰੱਖਿਆ ਚਿੰਤਾਵਾਂ ਬਾਰੇ ਆਪਣੀ ਸਫੈਦ ਗੇਂਦ ਦੀ ਸੀਰੀਜ਼ ਨੂੰ ਰੱਦ ਕਰਨ ਦੇ ਤਿੰਨ ਦਿਨ ਬਾਅਦ ਲਿਆ ਹੈ।



ਵਰਨਣ ਯੋਗ ਹੈ ਕਿ ਅਗਲੀ ਟੀ-20 ਵਿਸ਼ਵ ਕੱਪ ਨੂੰ ਦੇਖਦੇ ਹੋਏ ਰਾਵਲਪਿੰਡੀ ਵਿੱਚ ਇੰਗਲੈਂਡ ਦੀ ਪੁਰਸ਼ ਟੀਮ ਨੇ ਪਾਕਿਸਤਾਨ ਦੇ ਖਿਲਾਫ 13 ਅਤੇ 14 ਅਕਤੂਬਰ ਨੂੰ ਦੋ ਟੀ-20 ਮੈਚ ਖੇਡਣੇ ਸਨ।ਇੰਗਲੈਂਡ ਅਤੇ ਵੇਲਸ ਕ੍ਰਿਕਟ ਬੋਰਡ (ਈ ਸੀ ਬੀ) ਇਸ ਹਫਤੇ ਦੇ ਅਖੀਰ ਵਿੱਚ ਵਿਚਾਰ-ਵਟਾਂਦਰਾ ਕਰਨ ਪਿੱਛੋਂ ਪਾਕਿਸਤਾਨ ਦੌਰੇ ਨੂੰ ਰੱਦ ਕਰਨ ਦੇ ਫੈਸਲੇ ਉੱਤੇ ਪੁੱਜਾ, ਜੋ 2005 ਦੇ ਬਾਅਦ ਉਸ ਦਾ ਪਹਿਲਾ ਪਾਕਿਸਤਾਨ ਦੌਰਾ ਸੀ। ਉਸ ਨੇ ਕਿਹਾ, 'ਈ ਸੀ ਬੀ ਨੇ ਇਸ ਹਫਤੇ ਦੇ ਅਖੀਰ ਵਿੱਚ ਬੈਠਕ ਕੀਤੀ ਅਤੇ ਔਰਤ ਅਤੇ ਪੁਰਸ਼ ਟੀਮ ਦੇ ਅਕਤੂਬਰ ਵਿੱਚ ਹੋਣ ਵਾਲੇ ਪਾਕਿਸਤਾਨ ਦੌਰੇ ਤੋਂ ਫਿਲਹਾਲ ਹਟਣ ਦਾ ਫੈਸਲਾ ਕੀਤਾ ਹੈ। ਸਾਡੇ ਖਿਡਾਰੀਆਂ ਤੇ ਸਹਿਯੋਗੀ ਸਟਾਫ ਦੀ ਮਾਨਸਿਕ ਸਿਹਤ ਸਾਡੇ ਲਈ ਹਮੇਸ਼ਾ ਸਭ ਤੋਂ ਪਹਿਲਾਂ ਹੋਵੇਗੀ। ਮੌਜੂਦਾ ਹਾਲਾਤ ਵਿੱਚ ਇਹ ਹੋਰ ਵੀ ਵੱਧ ਮਹੱਤਵਪੂਰਨ ਹੋ ਜਾਂਦਾ ਹੈ। ਸਾਨੂੰ ਪਤਾ ਹੈ ਕਿ ਇਸ ਖੇਤਰ ਵਿੱਚ ਜਾਣ ਬਾਰੇ ਕਾਫੀ ਚਿੰਤਾਵਾਂ ਹਨ ਤੇ ਸਾਨੂੰ ਲੱਗਦਾ ਹੈ ਕਿ ਜੇ ਅਸੀਂ ਇਸ ਦੌਰੇ ਉੱਤੇ ਗਏ ਤਾਂ ਟੀਮ ਉਤੇ ਹੋਰ ਜ਼ਿਆਦਾ ਦਬਾਅ ਪਏਗਾ। ਉਹ ਪਹਿਲਾਂ ਹੀ ਕੰਟਰੋਲ ਤੋਂ ਬਾਹਰ ਹੋਏ ਕੋਰੋਨਾ ਦੇ ਕਾਰਨ ਕਾਫੀ ਦਬਾਅ ਵਿੱਚ ਹੈ।"

ਇਸ ਤੋਂ ਪਹਿਲਾਂ ਸ਼ੁੱਕਰਵਾਰ ਨੂੰ ਰਾਵਲਪਿੰਡੀ ਵਿੱਚ ਆਪਣੇ ਪਹਿਲੇ ਮੈਚ ਤੋਂ ਕੁਝ ਮਿੰਟ ਪਹਿਲਾਂ ਨਿਊਜ਼ੀਲੈਂਡ ਨੇ ਆਪਣੀ ਸਰਕਾਰ ਤੋਂ ਸੁਰੱਖਿਆ ਚਿਤਾਵਨੀ ਦੇ ਕਾਰਨ ਪਾਕਿਸਤਾਨ ਦੇ ਆਪਣੇ ਸੀਮਿਤ ਓਵਰਾਂ ਦੇ ਦੌਰੇ ਤੋਂ ਹੱਥ ਖਿੱਚ ਲਿਆ ਸੀ। ਇਹ ਫੈਸਲਾ ਪਾਕਿਸਤਾਨ ਲਈ ਕਿਸੇ ਝਟਕੇ ਵਾਂਗ ਸੀ, ਜਿੱਥੇ 2009 ਵਿੱਚ ਸ੍ਰੀਲੰਕਾਈ ਟੀਮ ਦੀ ਬੱਸ ਉਤੇ 2009 ਵਿੱਚ ਹੋਏ ਅੱਤਵਾਦੀ ਹਮਲੇ ਪਿੱਛੋਂਖਾਸ ਅੰਤਰਰਾਸ਼ਟਰੀ ਕ੍ਰਿਕਟ ਨਹੀਂ ਖੇਡਿਆ ਗਿਆ। ਨਿਊਜ਼ੀਲੈਂਡ ਦੇ ਇਸ ਫੈਸਲੇ ਦੇ ਬਾਅਦ ਅਨੁਮਾਨ ਲਾਇਆ ਜਾ ਰਿਹਾ ਸੀ ਕਿ ਇਸ ਦਾ ਅਸਰ ਇੰਗਲੈਂਡ ਦੇ ਪਾਕਿਸਤਾਨ ਦੌਰੇ ਉਤੇ ਪਵੇਗਾ।

ਈ ਸੀ ਬੀ ਨੇ ਕਿਹਾ, "ਇਸ ਨੇ ਸਾਡੇ ਲਈ ਪੁਰਸ਼ ਵਿਸ਼ਵ ਕੱਪ ਟੀਮ ਲਈ ਔਕੜ ਪੈਦਾ ਕਰ ਦਿੱਤੀ ਹੈ। ਅਜਿਹੇ ਹਾਲਾਤ ਵਿੱਚ ਪਾਕਿਸਤਾਨ ਦਾ ਦੌਰਾ ਕਰਨਾ ਟੀ-20 ਵਿਸ਼ਵ ਕੱਪ ਦੀਆਂ ਤਿਆਰੀਆਂ ਦੇ ਮੱਦੇਨਜ਼ਰ ਆਦਰਸ਼ ਸਥਿਤੀ ਨਹੀਂ ਹੋ ਸਕਦੀ। ਵਿਸ਼ਵ ਕੱਪ ਵਿੱਚ ਵਧੀਆ ਪ੍ਰਦਰਸ਼ਨ ਕਰਨਾ ਸਾਡੀ ਸਭ ਤੋਂ ਵੱਡੀ ਪਹਿਲ ਹੈ।

ਪਾਕਿਸਤਾਨ ਕ੍ਰਿਕਟ ਬੋਰਡ ਦੇ ਮੁਖੀ ਰਮੀਜ਼ ਰਾਜਾ ਦਾ ਕਹਿਣਾ ਹੈ ਕਿ ਇੰਗਲੈਂਡ ਵੱਲੋਂ ਆਪਣੀ ਵਚਨਬੱਧਤਾ ਤੋਂ ਹਟਣ ਅਤੇ ਆਪਣੇ ਕ੍ਰਿਕਟ ਭਾਈਚਾਰੇ ਦੇ ਇੱਕ ਮੈਂਬਰ ਤੋਂ ਵਾਅਦਾ ਪੂਰਾ ਨਾ ਕਰਨ ਤੋਂ ਨਿਰਾਸ਼ ਹਾਂ, ਜਦ ਕਿ ਇਸ ਸਮੇਂ ਸਾਨੂੰ ਇਸ ਦੀ ਸਭ ਤੋਂ ਜ਼ਿਆਦਾ ਜ਼ਰੂਰਤ ਸੀ।

# ਅਮਰੀਕੀ ਫ਼ੌਜ ਦੇ ਮੱਦਦਗਾਰ ਲੋਕ ਅਫ਼ਗਾਨਿਸਤਾਨ ਵਿੱਚ ਫਸੇ

ਕਾਬੁਲ, 21 ਸਤੰਬਰ (ਪੋਸਟ ਬਿਊਰੋ)- ਅਮਰੀਕਾ ਨਾਲ ਸਬੰਧ ਰੱਖਣ ਵਾਲਾ ਜੋੜਾ ਤਾਲਿਬਾਨ ਦੇ ਡਰ ਕਾਰਨ ਕਾਬੁਲ ਵਿੱਚ ਹਰ ਰਾਤ ਵੱਖਰੇ ਘਰ ਵਿੱਚ ਬਿਤਾ ਰਿਹਾ ਹੈ। ਅਚਾਨਕ ਤਾਲਿਬਾਨੀ ਹਮਲੇ ਦੇ ਡਰ ਕਾਰਨ ਦੋਵੇਂ ਵਾਰੀ ਵਾਰੀ ਸੌਂਦੇ ਹਨ। ਤਿੰਨ ਬੱਚਿਆਂ ਦੇ ਨਾਲ ਜੀਅ ਰਹੇ ਇਸ ਗਰੀਨ ਕਾਰਡ ਧਾਰੀ ਅਮਰੀਕੀ ਜੋੜੇ ਨੂੰ ਹਲਕੇ ਜਿਹੇ ਖੜਾਕ ਤੋਂ ਵੀ ਡਰ ਲੱਗਦਾ ਹੈ। ਦੋ ਹਫ਼ਤੇ ਵਿੱਚ ਉਨ੍ਹਾਂ ਨੇ ਸੱਤ ਘਰ ਬਦਲੇ ਹਨ। ਖਾਣ ਪੀਣ ਲਈ ਜਾਣਕਾਰਾਂ ਦੀ ਮਦਦ ਉਤੇ ਨਿਰਭਰ ਹਨ। ਉਨ੍ਹਾਂ ਦਾ ਦਿਨ ਵੀ ਘਰ ਵਿੱਚ ਕੈਦ ਰਹਿ ਕੇ ਬੀਤਦਾ ਹੈ।

ਪਤਾ ਲੱਗਾ ਹੈ ਕਿ ਅਮਰੀਕੀ ਵਿਦੇਸ਼ ਵਿਭਾਗ ਦੇ ਅਧਿਕਾਰੀ ਨੇ ਕਈ ਦਿਨ ਪਹਿਲਾਂ ਇਹ ਦੱਸਣ ਲਈ ਫ਼ੋਨ ਕੀਤਾ ਸੀ ਕਿ ਉਨ੍ਹਾਂ ਦੀ ਮਦਦ ਦਾ ਕੰਮ ਕਿਸੇ ਨੂੰ ਸੌਂਪਿਆ ਗਿਆ ਹੈ, ਪਰ ਉਸ ਤੋਂ ਬਾਅਦ ਕੋਈ ਸ਼ਬਦ ਨਹੀਂ ਸੁਣਿਆ ਗਿਆ। ਟੈਕਸਸ ਦੇ ਇੱਕ ਗਰੀਨ ਕਾਰਡ ਹੋਲਡਰ ਦੀ ਦਾਦੀ ਨੇ ਦੱਸਿਆ, ਤਾਲਿਬਾਨ ਨੇ ਇੱਕ ਗੁਆਂਢੀ ਨੂੰ ਘੜੀਸਦੇ ਹੋਏ ਘਰ ਤੋਂ ਬਾਹਰ ਕੱਢ ਦਿੱਤਾ।ਉਨ੍ਹਾਂ ਨੂੰ ਡਰ ਹੈ ਕਿ ਤਾਲਿਬਾਨ ਨੂੰ ਪਤਾ ਲੱਗ ਜਾਵੇਗਾ ਕਿ ਉਨ੍ਹਾਂ ਦੇ ਬੇਟੇ ਨੇ ਕਈ ਸਾਲਾਂ ਤਕ ਅਮਰੀਕੀ ਸੈਨਾ ਲਈ ਕੰਮ ਕੀਤਾ ਹੈ। ਤਾਲਿਬਾਨ ਬੇਸ਼ੱਕ ਦਾਅਵਾ ਕਰਦੇ ਹਨ ਕਿ ਉਹ ਵਿਦੇਸ਼ੀ ਨਾਗਰਿਕਾਂ ਤੇ ਅਮਰੀਕਾ ਦੇ ਮਦਦਗਾਰਾਂ ਦਾ ਕੋਈ ਨੁਕਸਾਨ ਨਹੀਂ ਕਰਨਗੇ। ਬੀਤੇ ਹਫ਼ਤੇ ਕਾਬੁਲ ਵਿੱਚ ਫਸੇ ਗਰੀਨ ਕਾਰਡ ਹੋਲਡਰ ਇੱਕ ਸ਼ਖ਼ਸ ਨੂੰ ਤਾਲਿਬਾਨ ਨੇ ਫ਼ੋਨ ਉਤੇ ਕਿਹਾ ਕਿ ਸਾਨੂੰ ਪਤਾ ਹੈ ਕਿ ਤੁਸੀਂ ਕਿੱਥੇ ਲੁਕੇ ਹੋ। ਇਸ ਉਤੇ ਉਨ੍ਹਾਂ ਦੋ ਭਰਾਵਾਂ ਨੂੰ ਮਾਪਿਆਂ ਨਾਲ ਘਰ ਛੱਡ ਕੇ ਭੱਜਣਾ ਪਿਆ, ਕਿਉਂਕਿ ਉਹ ਕਈ ਸਾਲ ਅਮਰੀਕਾ ਲਈ ਸੁਰੱਖਿਆ ਗਾਰਡ ਦੇਂਦੇ ਰਹੇ ਹਨ।

ਅਮਰੀਕਾ ਦੇ ਵਿਦੇਸ਼ ਮੰਤਰੀ ਐਂਟੀ ਬਲਿੰਕਨ ਨੇ ਮੰਨਿਆ ਸੀ ਕਿ ਅਫ਼ਗਾਨਿਸਤਾਨ ਵਿੱਚ ਹਜ਼ਾਰਾਂ ਗਰੀਨ ਕਾਰਡ ਹੋਲਡਰ ਅਤੇ ਸੈਂਕੜੇ ਅਮਰੀਕੀ ਨਾਗਰਿਕ ਫਸੇ ਹੋਏ ਹਨ, ਜਿਨ੍ਹਾਂ ਲਈ ਉਹ ਖ਼ਰਚ ਖੁਦ ਦੇਣ ਲਈ ਤਿਆਰ ਹਨ। ਉਨ੍ਹਾਂ ਸਾਰਿਆਂ ਨੇ ਤਾਲਿਬਾਨ ਦੇ ਡਰ ਕਾਰਨ ਪਛਾਣ ਲੁਕਾਈ ਰੱਖੀ ਤੇ ਦੱਸਿਆ ਕਿ ਉਨ੍ਹਾਂ ਦੀ ਜ਼ਿੰਦਗੀ ਘਰਾਂ ਵਿੱਚ ਕੈਦ ਰਹਿਣ ਤਕ ਸਿਮਟ ਗਈ ਹੈ। ਉਹ ਹਰ ਸਮੇਂ ਡਰਦੇ ਰਹਿੰਦੇ ਹਨ। ਸਾਰੇ ਕਹਿੰਦੇ ਹਨ ਕਿ ਉਹ ਕਿਸੇ ਵੀ ਕੀਮਤ 'ਤੇ ਤਾਲਿਬਾਨ ਦੇ ਸ਼ਾਸਨ ਵਿੱਚ ਰਹਿਣਾ ਨਹੀਂ ਚਾਹੁੰਦੇ।

# ਬ੍ਰਿਟੇਨ ਦੀ ਨਵੀਂ ਕੋਵਿਡ ਯਾਤਰਾ ਨੀਤੀ ਵਿੱਚ ਭਾਰਤ ਨਾਲ ਵਿਤਕਰਾ

ਨਵੀਂ ਦਿੱਲੀ, 21 ਸਤੰਬਰ (ਪੋਸਟ ਬਿਊਰੋ)- ਬ੍ਰਿਟੇਨ ਦੀ ਨਵੀਂ ਕੋਵਿਡ ਯਾਤਰਾ ਨੀਤੀ ਵਿੱਚ ਭਾਰਤ ਨਾਲ ਵਿਤਕਰੇ ਦਾਢੰਗ ਅਪਣਾਇਆ ਗਿਆ ਹੈ। ਇਸ ਨੀਤੀ ਅਨੁਸਾਰ ਵੈਕਸੀਨ ਦੀ ਪੂਰੀ ਡੋਜ਼ ਲੈਣ ਵਾਲੇ ਭਾਰਤੀਆਂ ਨੂੰ ਬ੍ਰਿਟੇਨ ਪਹੁੰਚਣ ਉੱਤੇ 10 ਦਿਨ ਕਵਾਰੰਟਾਈਨ ਵਿੱਚ ਰਹਿਣਾ ਹੋਵੇਗਾ ਅਤੇ ਕੋਰੋਨਾ ਜਾਂਚ ਜ਼ਰੂਰ ਕਰਾਉਣੀ ਹੋਵੇਗੀ।ਇਸ ਤਰ੍ਹਾਂ ਭਾਰਤ ਦੇ ਟੀਕਾ ਲੈ ਚੁੱਕੇ ਲੋਕਾਂ ਨੂੰ ਅਫਰੀਕਾ, ਦੱਖਣੀ ਅਮਰੀਕਾ ਅਤੇ ਹੋਰ ਛੋਟੇ ਦੇਸ਼ਾਂ ਦੀ ਸ਼੍ਰੇਣੀ ਵਿੱਚ ਰੱਖੇਜਾਣ'ਤੇ ਜੈਰਾਮ ਰਮੇਸ਼ ਨੇ ਬ੍ਰਿਟੇਨ ਸਰਕਾਰ ਦੇ ਇਸ ਫੈਸਲੇ ਦਾ ਸਖ਼ਤ ਵਿਰੋਧ ਕੀਤਾ ਹੈ।

ਇਸ ਬਾਰੇ ਬ੍ਰਿਟੇਨ ਸਰਕਾਰ ਦੇ ਫੈਸਲੇ ਪਿੱਛੋਂ ਕਾਂਗਰਸ ਪਾਰਲੀਮੈਂਟ ਮੈਂਬਰ ਸ਼ਸ਼ੀ ਥਰੂਰ ਨੇ ਵੀ ਕੈਂਬ੍ਰਿਜ਼ ਯੂਨੀਅਨ ਵੱਲੋਂ ਉਨ੍ਹਾਂ ਦੀ ਕਿਤਾਬ 'ਦ ਬੈਟਲ ਆਫ ਬਿਲੋਂਗਿੰਗ' ਦੇ ਯੂ ਕੇ ਅਡੀਸ਼ਨ ਦੇ ਲੋਂਚਿੰਗ ਪ੍ਰੋਗਰਾਮ ਤੋਂ ਵਿਰੋਧ ਵਜੋਂਆਪਣਾ ਨਾਮ ਵਾਪਸ ਲੈ ਲਿਆ ਹੈ। ਥਰੂਰ ਨੇ ਬ੍ਰਿਟੇਨ ਦੇ ਨਿਊਜ਼ ਐਨਾਲਿਸਟ ਅਲੇਕਸ ਮੈਸ਼ਰਸ ਨੂੰ ਕੋਟ ਕਰਦੇ ਹੋਏ ਟਵੀਟ ਕੀਤਾ ਕਿ ਇਹ ਬਹੁਤ ਵਿਤਕਰੇ ਦਾ ਵਰਤਾਰਾ ਹੈ ਕਿ ਵੈਕਸੀਨ ਦੀ ਪੂਰੀ ਡੋਜ਼ ਲੈ ਚੁੱਕੇ ਭਾਰਤੀਆਂ ਨੂੰ ਕਿਹਾ ਜਾਵੇ ਕਿ ਉਨ੍ਹਾਂ ਨੂੰ ਕਵਾਰੰਟਾਈਨ ਵਿੱਚ ਰਹਿਣਾ ਹੋਵੇਗਾ। ਬ੍ਰਿਟੇਨ ਨੂੰ ਇਸ ਉੱਤੇ ਪੁਨਰ ਵਿਚਾਰ ਕਰਨਾ ਚਾਹੀਦਾ ਹੈ।

ਕਾਂਗਰਸ ਦੇ ਰਾਜਸਭਾ ਮੈਂਬਰ ਜੈਰਾਮ ਰਮੇਸ਼ ਨੇ ਵੀ ਟਵੀਟ ਕਰਕੇ ਬ੍ਰਿਟੇਨ ਦੇ ਫੈਸਲੇ ਨੂੰ ਅਜੀਬ ਦੱਸਿਆ। ਉਨ੍ਹਾਂ ਨੇ ਕਿਹਾ ਕਿ ਇਹ ਹੈਰਾਨੀਜਨਕ ਹੈ ਕਿ ਕੋਵਿਸ਼ੀਲਡ ਨੂੰ ਬ੍ਰਿਟੇਨ ਵਿੱਚ ਹੀ ਵਿਕਸਿਤ ਕੀਤਾ ਗਿਆ ਹੈ ਤੇ ਸੀਰਮ ਜਿਸ ਨੂੰ ਬ੍ਰਿਟੇਨ ਨੂੰ ਵੀ ਸਪਲਾਈ ਕਰ ਰਿਹਾ ਹੈ, ਇਸ ਲਈ ਇਹ ਫੈਸਲਾ ਸਿਰਫ਼ ਨਸਲਵਾਦ ਹੈ।

# ਇਨਕਮ ਟੈਕਸ ਛਾਪਿਆਂ ਪਿੱਛੋਂ ਸੋਨੂੰ ਸੂਦ ਬੋਲ਼ਿਆ: ਮੇਰੇ ਸੰਗਠਨ ਦਾ ਇੱਕ-ਇੱਕ ਪੈਸਾ ਕਿਸੇ ਜੀਵਨ ਨੂੰ ਬਚਾਉਣ ਲਈ ਹੈ

ਮੁੰਬਈ, 21 ਸਤੰਬਰ (ਪੋਸਟ ਬਿਊਰੋ)- ਕੇਂਦਰੀ ਡਾਇਰੈਕਟ ਟੈਕਸ ਬੋਰਡ (ਸੀ ਬੀ ਡੀ ਟੀ) ਵੱਲੋਂ ਅਦਾਕਾਰ ਤੇ ਸਮਾਜਸੇਵੀ ਸੋਨੂੰ ਸੂਦ ਅਤੇ ਉਨ੍ਹਾਂ ਦੇ ਸੰਗਠਨ ਉੱਤੇ 20 ਕਰੋੜ ਰੁਪਏ ਦੇ ਟੈਕਸ ਚੋਰੀ ਦਾ ਦੋਸ਼ ਲਾਏ ਜਾਣ ਪਿੱਛੋਂ ਅਦਾਕਾਰ ਨੇ ਕਿਹਾ ਕਿ ਉਨ੍ਹਾਂ ਦੇ ਸੰਗਠਨ ਦਾ ਇੱਕ-ਇੱਕ ਰੁਪਇਆ ਲੋੜਵੰਦ ਅਤੇ ਅਨਮੋਲ ਜੀਵਨ ਨੂੰ ਬਚਾਉਣ ਲਈ ਆਪਣੀ ਵਾਰੀ ਦਾ ਇੰਤਜ਼ਾਰ ਕਰ ਰਿਹਾ ਹੈ ਅਤੇ ਅਜਿਹੇ ਲੋੜਵੰਦਾਂ ਦੀ ਸਾਡੇ ਕੋਲ ਲੰਮੀ ਲਿਸਟ ਹੈ। ਪਿਛਲੇ ਹਫ਼ਤੇ ਆਪਣੇ ਦਫ਼ਤਰਾਂ ਤੇ ਸਬੰਧਤ ਲੋਕਾਂ ਵਿਰੁੱਧ ਕਈ ਵਾਰ ਹੋਈ ਛਾਪੇਮਾਰੀ ਤੋਂ ਬਾਅਦ ਪਹਿਲੀ ਵਾਰ ਸੋਨੂੰ ਸੂਦ (48) ਨੇ ਕਿਹਾ ਕਿ ਉਹ 'ਕੁਝ ਖ਼ਾਸ ਮਹਿਮਾਨਾਂ'ਦੀ ਖ਼ਾਤਰਦਾਰੀ ਵਿੱਚ ਰੁਝੇ ਸਨ, ਕਿਉਂਕਿ ਉਹ ਪਿਛਲੇ ਚਾਰ ਦਿਨਾਂ ਤੋਂ ਲੋਕਾਂ ਦੀ ਸੇਵਾ ਨਹੀਂ ਕਰ ਸਕੇ। ਉਨ੍ਹਾਂ ਇੰਸਟਾਗ੍ਰਾਮ ਲਿਖਿਆ, 'ਪੂਰੀ ਨਿਮਰਤਾ ਨਾਲ ਮੈਂ ਵਾਪਸ ਆ ਗਿਆ ਹਾਂ। ਜੀਵਨ ਨੂੰ ਬਚਾਉਣ ਵਿੱਚ ਤੁਹਾਡੀ ਸੇਵਾ ਖਾਤਰ। ਮੇਰੀ ਯਾਤਰਾ ਜਾਰੀ ਹੈ। ਜੈ ਹਿੰਦ।' ਸੋਨੂ ਅਤੇ ਉਨ੍ਹਾ ਦੇ ਲਖਨਊ ਵਾਲੇ ਬੁਨਿਆਦੀ ਢਾਂਚਾ ਸੰਗਠਨ ਉੱਤੇ ਇਨਕਮ ਟੈਕਸ ਵਿਭਾਗ ਦੇ ਛਾਪੇ ਪਿੱਛੋਂ ਸੀ ਬੀ ਡੀ ਟੀ ਨੇ ਕਿਹਾ ਸੀ ਕਿ ਸੂਦ ਨੇ 'ਕਈ ਫ਼ਰਜ਼ੀ ਸੰਸਥਾਵਾਂ ਤੋਂ ਫ਼ਰਜ਼ੀ ਢੰਗ ਨਾਲ ਕਰਜ਼ੇ ਦੇ ਰੂਪ ਵਿੱਚ ਬੇਨਾਮੀ ਆਮਦਨ ਇਕੱਠੀ ਕੀਤੀ ਹੈ।ਸੋਨੂ ਸੂਦ ਨੇ ਕਿਹਾ ਕਿ ਉਨ੍ਹਾਂ ਨੇ 'ਪੂਰੀ ਤਾਕਤ ਨਾਲ ਦੇਸ਼ ਦੇ ਲੋਕਾਂ ਦੀ ਸੇਵਾ ਵਿੱਚ ਖ਼ੁਦ ਨੂੰ ਸਮਰਪਤ ਕਰਨ ਦਾ ਵਚਨ ਲਿਆ ਹੈ।'













# CLASSIFIEDS

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

**Starting at just $10**
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202




## Sales Person Required

**Dubai Jewellers:** Sales person required at Dubai Jewellers with Jewellery sale experience for part time/full time job. For more information contact Raj 416-465-1200.




## ਫੌਨਾਂ ਦੇ ਸਸਤੇ ਪਲਾਨ ਗਾਰੰਟਿਡ

ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓ

20 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ

(905)790-9999

2565 Steeles Ave. E, Brampton (Steeles/Torbram)




## ਲੜਕੀ ਦੀ ਲੋੜ

ਸਰਾ ਪਰਿਵਾਰ ਦਾ ਲੜਕਾ, ਉਮਰ 33 ਸਾਲ, ਕੱਦ 5 ਫੁੱਟ 10 ਇੰਚ, ਬੀਬੀਏ ਕੀਤੀ ਹੋਈ ਹੈ, ਵਰਤਮਾਨ ਵਿਚ ਭਾਰਤ ਵਿਚ ਬਿਜ਼ਨਸ ਕਰ ਰਿਹਾ ਹੈ ਤੇ ਭਵਿੱਖ ਵਿਚ ਕੈਨੇਡਾ ਵਿਚ ਟਰਾਂਸਪੋਰਟੇਸ਼ਨ ਦਾ ਬਿਜ਼ਨਸ ਖੋਲ੍ਹਣ ਜਾ ਰਿਹਾ ਹੈ, ਲਈ ਸੁੰਦਰ ਸੁਸ਼ੀਲ ਲੜਕੀ ਦੀ ਲੋੜ ਹੈ। ਸੰਪਰਕ: 437-332-8422,
ਈ ਮੇਲ puneetasra17october@gmail.com

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5'11'', B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5''8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

Sikh Ramgarhiya family seeking match for their son 29 years, 6ft. Masters in Computer Science, working as a Software developer in a US based company. Boy is a PR and well settled in Canada. Preference will be given to someone already in Canada. Please contact +1-613-769-2680 or +91-97799-21292.

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5'9'', ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664

ਕੈਨੇਡਾ ਵਿਚ ਵੈੱਲ ਸੈਟਲਡ ਪੀ.ਆਰ. ਲੜਕਾ, ਟਰੱਕਿੰਗ ਇੰਡਸਟਰੀ ਵਿਚ ਵਧੀਆ ਨੌਕਰੀ ਕਰ ਰਿਹਾ, ਉਮਰ 30 ਸਾਲ, ਕੱਦ 5'9'' ਲਈ ਕੈਨੇਡੀਅਨ ਪੀ.ਆਰ./ਸਿਟੀਜਨ, ਵਰਕ ਪਰਮਿਟ ਜਾਂ ਆਪਣੇ ਪਰਿਵਾਰ ਨਾਲ ਰਹਿ ਰਹੀ ਲੜਕੀ ਦੀ ਲੋੜ ਹੈ। ਲੜਕੇ ਦੀ ਭੈਣ ਕੈਨੇਡਾ ਵਿਚ ਆਪਣੇ ਪਰਿਵਾਰ ਨਾਲ ਰਹਿੰਦੀ ਹੈ। ਸੰਪਰਕ: 647-608-4013

## ਲੜਕੀ ਦੀ ਲੋੜ

ਜੱਟ ਸਿੱਖ ਲੜਕਾ, 29, ਕੱਦ 5 ਫੁੱਟ, 9 ਇੰਚ, ਅਮਰੀਕਾ ਜੰਮਪਲ, ਸਾਰਾ ਪਰਿਵਾਰ ਵੈਲ ਸੈਟਲਡ, Residency ਦੀ ਪੜ੍ਹਾਈ ਕਰ ਰਹੇ ਲੜਕੇ ਲਈ ਅਮਰੀਕਨ ਜਾਂ ਕੈਨੇਡੀਅਨ ਜੰਮਪਲ ਲੜਕੀ ਦੀ ਲੋੜ ਹੈ। ਸੰਪਰਕ:+12627165859

Seeking a suitable match for their son, never married, 45 years, 6" tall, Fair, Ramdasia Gursikh, Amritdhari, Canadian citizen. Father class 1 retired officer and well settled family. Serious queries please respond on email sukhi_cancer@yahoo.com or Call 416-721-5191 (contact after 5 pm)

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at







## ਲੜਕੇ ਦੀ ਲੋੜ

ਜੱਟ ਸਿਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5'11'' ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

Seeking a suitable match for Canadian citizen Ramdasia Sikh (GNM). Born August 1987 and height 5'1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5'2'' ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

ਜੱਟ ਸਿੱਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ 'ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com












FRESH & LARGE VARIETY
Bread, Dairy & Eggs
Branded Foods
Fruits & Vegetables
Beverages & Confectionery
Grocery & Staples
Sweet & Samosas

**SERVING FROM ALL LOCATIONS IN GTA AREA:**

10 Westmore Drive
Etobicoke ON M9V-3Z7
416-740-3262

21 Lacoste Blvd,
Brampton, ON L6P 2K2
905 794-8109

621 Wanless drive, # 122
Brampton ON L7A 0A9
905-495-3336

1075 Ceremonial Drive
Mississauga ON L5R 2Z4
905-502-1600

80 Pertosa Drive
Brampton ON L5X-5E9
905-460-0009

10510 Torbram Road,
Brampton
905-790-0030

2120 North park Drive
Brampton ON L6S 0C9
905-793-1338

10 Pannahill Dr,
Brampton
905 913-8017

Chapel Ridge
FUNERAL HOME
& CREMATION CENTRE

## ਭਾਰਤੀ, ਪੰਜਾਬੀ ਅਤੇ ਸਿੱਖ ਭਾਈਚਾਰੇ ਲਈ ਮਾਰਖਮ, ਰਿਚਮੰਡ ਹਿੱਲ ਅਤੇ ਸਕਾਰਬਰੋਅ ਅਤੇ ਆਸ ਪਾਸ ਇਲਾਕਿਆਂ ਲਈ ਵਧੀਆ ਅਧੁਨਿਕ ਸੇਵਾਵਾਂ ਅਤ ਵਾਜਬ ਕੀਮਤ ਤੇ ਫਿਊਨਰਲ ਸਰਵਿਸ ਦੀਆਂ ਸੇਵਾਵਾਂ ਲੈਣ ਲਈ ਸੰਪਰਕ ਕਰੋ

- ਅਸੀਂ ਪਿਛਲੇ 20 ਸਾਲ ਤੋਂ ਸਿੱਖ ਭਾਈਚਾਰੇ ਲਈ ਅੰਤਿਮ ਸੰਸਕਾਰ ਦੀ ਸਹੂਲਤ
- ਅੰਤਿਮ ਸੰਸਕਾਰ ਸੇਵਾਵਾਂ ਸਿੱਖ ਮਰਿਯਾਦਾ ਅਨੁਸਾਰ ਕੀਤੀਆਂ ਜਾਂਦੀਆਂ ਹਨ
- ਭਾਈਚਾਰੇ ਦੀ ਸਹੂਲਤ ਲਈ ਮਿਸੀਸਾਗਾ ਵਿੱਚ ਸ਼ਮਸ਼ਾਨ ਘਾਟ ਦੇ ਨਾਲ ਧਾਰਮਿਕ ਸੰਸਕਾਰਾਂ ਲਈ ਵਿਸ਼ਾਲ ਹਾਲ



## 2 ਘੰਟੇ ਦੇ ਲਈ ਵਿਸ਼ੇਸ਼ ਪੈਕੇਜ ਸਿਰਫ $4270 ਵਿੱਚ

[ ਜਿਸ ਵਿੱਚ ਕੈਸਕੇਟ (ਕਫ਼ਣ ਦਾ ਸਮਾਨ ਤੇ ਬੌਕਸ) ਸਾਰੇ ਲੋੜੀਂਦੇ ਦਾਸਤਵੇਜ਼ (ਡੈਥ ਸਰਟੀਫਿਕੇਟ) ਸਟਾਫ ਸਹੂਲਤ / ਵਾਹਨ ਫੀਸ / ਸਸਕਾਰ ਦੀ ਫੀਸ / ਗਵਾਹੀ ਫੀਸ, ਸਰਕਾਰੀ ਫੀਸ ਅਤੇ ਹੋਰ ਨਯਿਮਤਿ ਫੀਸਾਂ ਸ਼ਾਮਲ ਹਨ ]



ਸਰਕਾਰੀ ਲਾਇਸੈਂਸਸ਼ੁਦਾ ਫਿਊਨਰਲ ਹੋਮ
ਡਰਾਇਕਟਰ (ਨਿਰਦੇਸ਼ਕ) :ਸ: **ਹਰਜਿੰਦਰ ਸਿੰਘ ਬਿਲਖੂ**
**647-966-0093**
ਅਸੀਂ ਪੰਜਾਬੀ, ਹਿੰਦੀ, ਗੁਜਰਾਤੀ, ਉਰਦੂ ਅਤੇ ਸਵਾਹਿਲੀ ਭਾਸ਼ਵਾਂ ਬੋਲਦੇ ਹਾਂ
8911 Woodbine Ave., Markham (ਸਿਰਫ ਹਾਈਵੇ 7 ਤੋਂ 4 ਬਲਾਕ ਦੀ ਦੂਰੀ ਤ)
info@chapelridge fh.com • www.chapelridgefh.com



Other Realtors only Promise
But JAG AUJLA SOLD YOUR HOME WITH
GUARANTEE

Advertisement GUARANTEED Till SOLD


Top 1% Ranked Broker
Call For a Quick & Free Home Evaluation
www.BramptonQuickHomeEvaluation.com

**JAG AUJLA**
REAL ESTATE BROKER
DIR: 416-371-7777
j.aujla@rogers.com www.jagaujla.com
RE/MAX Realty Specialist Inc., Brokerage (Independently Owned and Operated) Off: 905-456-3232
www.BramptonTopRelator.com

**2016,2015,2014,2013 2012,2011,2010) **(2009,2008) **(2010) **(2014)

ਘਰਾਂ ਦੀਆਂ ਨਵੀਆਂ ਲਿਸਟਿੰਗਾਂ (Listings) ਦੀ ਬਹੁਤ ਲੋੜ ਹੈ

CALEDON




ਕੈਨੇਡੀ / ਦੁੱਗਲ

ਬਰੈਂਡ ਨੀਊ ਘਰ ਸੈਲ ਲਈ ਉਪਲਬੱਧ ਹੈ। ਲਗਭਗ 2800 ਸੁਕੇਅਰ ਫੁੱਟ ਏਰੀਆ ਅਤੇ 42 ਫੀਟ ਵਾਈਡ ਕਾਰਨਰ ਲਾਟ ਹੈ ਜਿਸ ਵਿੱਚ 4 ਬੈਡਰੂਮ ਅਤੇ 4 ਵਾਸ਼ਰੂਮ ਹਨ। ਮੇਨ ਫਲੋਰ 10 ਫੁੱਟ ਸਿਲਿੰਗ। ਡਾਇਨਿੰਗ ਰੂਮ ਉਪਰ ਨੂੰ ਖੁੱਲਾ ਹੈ ਅਤੇ 19 ਫੁੱਟ ਹਾਈ ਸਿਲਿੰਗ ਹੈ। ਹਾਰਡਵੁਡ ਫਲੋਰ, ਓਕ ਸਟਰੇਅਰਜ਼। ਅਪਗ੍ਰੇਡੇਡ ਕਿਚਨ ਅਤੇ ਕੁਆਰਟਜ਼ ਕਾਊਂਟਰ ਟਾਪ। ਮੈਨ ਫਲੋਰ ਲਾਂਡਰੀ ਹੈ।
ਵਧੇਰੀ ਜਾਣਕਾਰੀ ਲਈ ਜੇਗ ਔਜਲਾ ਨਾਲ 416-371-7777 ਤੇ ਸੰਪਰਕ ਕਰ ਸਕਦੇ ਹੋ।

BRAMPTON



$1,999,905 ਕੈਸਲਮੋਰ/ਗੋਰਵੇ

ਕੈਸਲਮੋਰ/ਗੋਰਵੇ ਦੇ ਏਰੀਆ ਵਿਚ 4551 ਸਕੇਅਰ ਫੁੱਟ, 60 ਫੁਟ ਦੀ ਲਾਟ ਵਿਚ ਬਣਿਆ ਬਹੁਤ ਹੀ ਸੁੰਦਰ ਘਰ। ਜਿਸ ਵਿਚ 5 ਬੈਡਰੂਮ, 5 ਵਾਸ਼ਰੂਮ, ਇਕ ਆਫਿਸ,ਅਪਗ੍ਰੇਡਡ ਕਿਚਨ ਵਿਦ ਕਾਊਂਟਰ ਟਾਪ, 3 ਬੈਡਰੂਮ ਦੀ ਫਿਨਿਸ਼ਡ ਬੇਸਮੈਂਟ ਵਿਦ ਸੈਪਰੇਟ ਐਂਟਰੈਂਸ ਹੈ। 9 ਫੁੱਟ ਦੀ ਸੀਲਿੰਗ, ਮੇਨ ਫਲੋਰ ਉਤੇ ਹਾਰਡਵੁੱਡ, ਸਟੇਨਡ ਓਕ ਸਟੇਅਰਕੇਸ, ਡਬਲ ਡੋਰ ਐਂਟਰੀ। ਦੂਸਰੀ ਮੰਜ਼ਲ ਉਤੇ ਲਾਊਂਡਰੀ। ਘਰ ਦੇ ਅੱਗੇ ਕੋਈ ਸਾਈਡ ਵਾਕ ਨਹੀਂ ਅਤੇ ਹੋਰ ਵੀ ਬਹੁਤ ਸਾਰੀਆਂ ਸਹੂਲਤਾਂ ਦੇ ਨਾਲ।

BRAMPTON




$ 1,199,905 Bramlea Rd./Bovaird Dr.

2600 ਸਕੇਅਰ ਫੁੱਟ ਦਾ 45 ਫੁੱਟ ਦੀ ਲਾਟ ਦਾ ਡੀਟੈਚਡ ਘਰ, ਡਬਲ ਡੋਰ ਐਂਟਰੀ, 4 ਬੈਡਰੂਮ, 3 ਬੈਡਰੂਮ ਦੀ ਫਿਨਿਸ਼ਡ ਬੇਸਮੈਂਟ ਸੈਪਰੇਟ ਐਂਟਰੈਂਸ ਨਾਲ, 2 ਲਾਂਡਰੀ, ਅਪਗ੍ਰੇਡਡ ਕਿਚਨ, ਅਪਗ੍ਰੇਡਡ ਰੂਫ ਅਤੇ ਵੁੱਡ ਫਲੋਰ ਤੇ ਹੋਰ ਸਾਰੀਆਂ ਸਹੂਲਤਾਂ ਦੇ ਨਜ਼ਦੀਕ।
ਜਿਆਦਾ ਜਾਣਕਾਰੀ ਲਈ ਸੰਪਰਕ ਕਰੋ: 416-371-7777

BRAMPTON



$749,905

William /Vodden /Main
3 ਬੈਡਰੂਮ, 2 ਵਾਸ਼ਰੂਮ ਦਾ ਬਹੁਤ ਸੋਹਣਾ ਘਰ, ਜਿਸ ਵਿਚ 2 ਬੈਡਰੂਮਜ਼ ਦੀ ਫਿਨਿਸ਼ਡ ਬੇਸਮੈਂਟ ਸੈਪਰੇਟ ਐਂਟਰੈਂਸ ਨਾਲ, ਪਿਛਲੇ ਸਾਲ ਹੀ ਸਾਰਾ ਘਰ ਅਪਗ੍ਰੇਡ ਕੀਤਾ ਗਿਆ ਹੈ। ਸਕੂਲ, ਪਲਾਜ਼ਾ ਅਤੇ ਬੱਸ ਸਟਾਪ ਤੋਂ ਕੁੱਝ ਹੀ ਮਿੰਟਾਂ ਦੀ ਦੂਰੀ ਹੈ ਅਤੇ ਹੋਰ ਬਹੁਤ ਸਾਰੀਆਂ ਸਹੂਲਤਾਂ ਦੇ ਨੇੜੇ।

BRAMPTON




34 Winterfold Dr

CREDITVIEW & BOVAIRD
(MOUNT PLEASANT)
ਖੁੱਲ੍ਹਾ ਅਤੇ ਸ਼ਾਨਦਾਰ 2 ਮੇਨ ਐਂਟਰੈਂਸ ਵਾਲਾ ਘਰ, ਡਬਲ ਕਾਰ ਗਰਾਜ, ਓਪਨ ਕੰਸੈਪਟ ਕਿਚਨ ਬੈਕਸਪਲੈਸ਼ ਦੇ ਨਾਲ, ਖੁੱਲ੍ਹਾ ਮਾਸਟਰ ਬੈੱਡਰੂਮ ਇਨਸੂਟ ਵਾਸ਼ਰੂਮ ਅਤੇ ਵਾਕਇਨ ਕਲਾਜ਼ਿਟ ਦੇ ਨਾਲ। 2 ਬੈੱਡਰੂਮ ਦੀ ਫਿਨਿਸ਼ਡ ਬੇਸਮੈਂਟ, ਖੁੱਲ੍ਹਾ ਡੁੱਲ੍ਹਾ ਬੈਕਯਾਰਡ। ਘਰ 2 ਵੱਖ-ਵੱਖ ਪਰਿਵਾਰਾਂ ਨੂੰ ਕਿਰਾਏ ਉਤੇ ਦਿੱਤਾ ਜਾ ਸਕਦਾ ਹੈ।




Orangeville Ontario L9W3X5

Orangeville Dufferin ਦੇ ਏਰੀਆ ਵਿਚ 5780 ਸਕੇਅਰ ਫੁਟ ਦਾ ਆਟੋ ਬਾਡੀ ਸ਼ਾਪ 1 ਏਕੜ ਦੀ ਜਗ੍ਹਾ, 3 ਗਰਾਜ ਡੋਰ 15 ਫੁੱਟ ਉਚਾਈ, 4 ਵਾਸ਼ਰੂਮ, 100 + ਕਾਰ ਪਾਰਕਿੰਗ, ਅਗਲੇ ਹਿੱਸੇ ਵਿਚ ਆਟੋ ਬਾਡੀ, ਕਾਰ ਰਿਪੇਅਰ ਅਤੇ ਬੈਕ ਸਾਈਡ ਉਤੇ ਕੋਈ ਹੋਰ ਬਿਜਨਸ ਚੱਲ ਰਿਹਾ ਹੈ। ਜਿਆਦਾ ਜਾਣਕਾਰੀ ਲਈ ਸੰਪਰਕ ਕਰੋ 416-371-7777